# ਅਧਿਆਇ 22

# ਨੇਮ ਦੀ ਪੋਥੀ (ਭਾਗ 3)

ਇਸ ਅਧਿਆਇ ਵਿਚ ਨੇਮ ਦੀ ਪੋਥੀ (20:22-23:33) ਅੱਗੇ ਜਾਰੀ ਰਹਿੰਦੀ ਹੈ, ਜਿਸ ਦੇ ਵਿਚ ਨਕਾਰਾਤਮਕ ਅਤੇ ਸਕਾਰਾਤਮਕ ਦੋਵੇਂ ਹਦਾਇਤਾਂ ਹਨ। ਕੂਚ 22 ਅਧਿਆਇ ਵਿਚ ਚੋਰੀ, ਮੂਰਤੀਪੂਜਾ, ਤਰਸ ਕਰਨ ਅਤੇ ਉਹ ਤਰੀਕੇ ਜਿਨ੍ਹਾਂ ਨਾਲ ਪਰਮੇਸ਼ੁਰ ਨੂੰ ਆਦਰ ਦਿੱਤਾ ਜਾਣਾ ਚਾਹੀਦਾ ਹੈ ਸੰਬੰਧੀ ਬਿਧੀਆਂ ਨੂੰ ਸ਼ਾਮਲ ਕੀਤਾ ਗਿਆ ਹੈ।

ਇਹ ਅਧਿਆਇ ਦੂਜਿਆਂ ਦੀ ਜ਼ਮੀਨ ਜਾਇਦਾਦ ਦੇ ਵਿਰੁੱਧ ਅਪਰਾਧਾਂ ਦੀ ਸੂਚੀ ਨਾਲ ਸ਼ੁਰੂ ਹੁੰਦਾ ਹੈ। ਇਨ੍ਹਾਂ ਬਿਧੀਆਂ ਨੂੰ ਅਠਵੇਂ ਹੁਕਮ "ਤੂੰ ਚੋਰੀ ਨਾ ਕਰ" (20:15) ਦਾ ਵਿਸਤਾਰ ਅਤੇ ਪ੍ਰਾਸੰਗਿਕਤਾ ਸਮਝਿਆ ਜਾ ਸਕਦਾ ਹੈ। ਇਨ੍ਹਾਂ ਬਿਧੀਆਂ ਵਿਚ ਚੋਰੀ (22:1-4) ਵਿਅਕਤੀ ਦੀ ਆਪਣੀ ਜ਼ਮੀਨ ਜਾਇਦਾਦ ਦੇ ਸੰਬੰਧ ਵਿਚ ਲਾਪਰਵਾਹੀ (22:5, 6), ਦੂਜਿਆਂ ਦੀ ਜ਼ਮੀਨ ਜਾਇਦਾਦ ਦੀ ਵਰਤੋਂ ਵਿਚ ਅਣਗਹਿਲੀ (22:7-15) ਅਤੇ ਕਿਸੇ ਹੋਰ ਮਨੁੱਖ ਦੀ ਧੀ ਦੇ ਗਲਤ ਇਸਤੇਮਾਲ (22:16, 17) ਸੰਬੰਧੀ ਨਿਯਮ ਸ਼ਾਮਲ ਹਨ। ਫਿਰ, ਮੂਰਤੀਪੂਜਾ ਦੇ ਸੰਬੰਧ ਵਿਚ ਅਪਰਾਧਾਂ ਤੇ ਇਕ ਭਾਗ ਦੇ ਬਾਅਦ (22:18-20), ਇਹ ਅਧਿਆਇ ਇਹ ਸੰਬੰਧੀ ਮਾਰਗ-ਦਰਸ਼ਨ ਦਿੰਦਾ ਹੈ ਕਿ ਲੋਕਾਂ ਨਾਲ ਕਿਵੇਂ ਦਾ ਵਿਹਾਰ ਕਰਨਾ ਹੈ। ਇਸਰਾਏਲੀਆਂ ਨੇ ਸਮਾਜ ਦੇ ਮੰਦਭਾਗੇ ਮੈਂਬਰਾਂ - ਪਰਦੇਸੀਆਂ, ਵਿਧਵਾਂ, ਯਤੀਮਾਂ ਅਤੇ ਕੰਗਾਲਾਂ ਦੇ ਪ੍ਰਤੀ ਤਰਸ ਵਿਖਾਉਣਾ ਸੀ (22:21-27)। ਅੰਤ ਵਿਚ, ਪਰਮੇਸ਼ੁਰ ਦਾ ਸਹੀ ਤਰੀਕਿਆਂ ਨਾਲ ਆਦਰ ਕਰਨ ਤੇ ਹਦਾਇਤ ਦਿੱਤੀ ਗਈ ਹੈ (22:28-31)।

## ਜ਼ਮੀਨ ਜਾਇਦਾਦ ਵਿਰੁੱਧ ਅਪਰਾਧ (22:1-17)

**ਚੋਰੀ (11:1-4)**

**[1]ਜੇ ਕੋਈ ਬਲਦ ਯਾ ਭੇਡ ਚੁਰਾਵੇ ਯਾ ਉਸ ਨੂੰ ਮਾਰ ਸੁੱਟੇ ਯਾ ਉਸ ਨੂੰ ਵੇਚ ਦੇਵੇ ਤਾਂ ਚੌਣੇ ਵਿੱਚੋਂ ਉਸ ਦੇ ਵੱਟੇ ਪੰਜ ਬਲਦ ਅਤੇ ਇੱਜੜ ਵਿੱਚੋਂ ਉਸ ਦੇ ਵੱਟੇ ਚਾਰ ਭੇਡਾਂ ਵੱਟਾ ਭਰੇ। [2]ਜੇ ਉਹ ਚੋਰ ਸੰਨ੍ਹ ਲਾਉਂਦਾ ਫੜਿਆ ਜਾਵੇ ਅਤੇ ਉਹ ਮਾਰ ਨਾਲ ਮਰ ਜਾਵੇ ਤਾਂ ਏਹ ਖ਼ੂਨ ਦਾ ਦੋਸ਼ ਨਹੀਂ ਹੈ। [3]ਪਰ ਜੇ ਉਸ ਉੱਤੇ ਸੂਰਜ ਚੜ੍ਹ ਜਾਵੇ ਤਾਂ ਉਹ ਦੇ ਲਈ ਖ਼ੂਨ ਦਾ ਦੋਸ਼ ਹੋਵੇਗਾ, ਉਹ ਵੱਟਾ ਭਰ ਦੇਵੇ। ਜੇ ਉਹ ਦੇ ਕੋਲ ਕੁਝ ਨਹੀਂ ਹੈ ਤਾਂ ਉਹ ਆਪਣੀ ਚੋਰੀ ਦੇ ਕਾਰਨ ਵੇਚਿਆ ਜਾਵੇ। [4]ਜੇ ਚੋਰੀ ਦਾ ਮਾਲ ਉਹ ਦੇ ਹੱਥੋਂ ਜੀਉਂਦਾ ਲੱਭ ਜਾਵੇ ਭਾਵੇਂ ਬਲਦ ਭਾਵੇਂ ਖੋਤਾ ਭਾਵੇਂ ਭੇਡ ਤਾਂ ਉਹ ਦੂਣਾ ਵੱਟਾ ਭਰੇ।**

ਇਸ ਭਾਗ ਵਿਚ ਬਿਧੀਆਂ ਦਾ ਪਹਿਲਾ ਸਮੂਹ ਚੋਰੀ, ਇਕ ਵਿਅਕਤੀ ਦੇ ਦੂਜੇ ਵਿਅਕਤੀ ਕੋਲੋਂ ਚੋਰੀ ਕਰਨ ਨਾਲ ਜੁੜਿਆ ਹੋਇਆ ਹੈ। ਹਰ ਉਦਾਹਰਣ ਨੇ ਇਹ ਨਿਰਧਾਰਤ ਕੀਤਾ ਕਿ ਇਕ ਵਿਅਕਤੀ ਅਠਵੇਂ ਹੁਕਮ ਨੂੰ ਤੋੜਨ ਦਾ ਦੋਸ਼ੀ ਸੀ ਜਾਂ ਨਹੀਂ (20:15) ਅਤੇ ਜੇਕਰ ਉਹ ਦੋਸ਼ੀ

ਸੀ ਤਾਂ ਉਸ ਨੂੰ ਕਿਹੜੀ ਵਿਸ਼ੇਸ਼ ਸਜ਼ਾ ਦੇਣੀ ਚਾਹੀਦੀ ਹੈ।

ਕਈ ਅਨੁਵਾਦ ਮੂਲ ਲਿਖਤ ਨੂੰ ਸੌਖਾ ਬਣਾਉਣ ਦੀ ਕੋਸ਼ਿਸ਼ ਵਿਚ ਇਨ੍ਹਾਂ ਆਇਤਾਂ ਨੂੰ ਮੁੜ ਤਰਤੀਬਵਾਰ ਲਗਾਉਂਦੇ ਹਨ (RSV; NRSV; NEB; REB)। ਇਹ ਅਨੁਵਾਦ ਹੇਠਾਂ ਦਿੱਤੀ ਤਰਤੀਬ ਵਿਚ ਲਾਉਂਦੇ ਹਨ: 1, 3, 4, 2, 3. ਆਇਤ 1 ਦੇ ਬਾਅਦ ("ਜੇ ਕੋਈ ਮਨੁੱਖ ਬਲਦ ਯਾ ਭੇਡ ਚੁਰਾਵੇ ..."), ਇਹ ਅਨੁਵਾਦ ਆਇਤ 3 ਨਾਲ ਜਾਰੀ ਰਹਿੰਦਾ ਹੈ ("ਉਹ ਵੱਟਾ ਭਰ ਦੇਵੇ ..."), ਫਿਰ ਆਇਤ 4 ("ਜੇ ਚੋਰੀ ਦਾ ਮਾਲ ਉਹ ਦੇ ਹੱਥੋਂ ਜੀਉਂਦਾ ਲੱਭ ਜਾਵੇ ..."), ਫਿਰ 2 ਅਤੇ 3 ਆਇਤਾਂ ("ਜੇ ਉਹ ਚੋਰ ਸੰਨ੍ਹ ਲਾਉਂਦਾ ਫੜਿਆ ਜਾਵੇ ... ਪਰ ਜੇ ਉਸ ਉੱਤੇ ਸੂਰਜ ਚੜ੍ਹ ਜਾਵੇ ...")। ਪਰ, ਇਹ ਦੱਸਣ ਦਾ ਕੋਈ ਹੱਥਲਿਖਤ ਪਰਮਾਣ ਨਹੀਂ ਹੈ ਕਿ ਇਨ੍ਹਾਂ ਆਇਤਾਂ ਦੀ ਉਸ ਤੋਂ ਇਲਾਵਾ ਕੋਈ ਹੋਰ ਤਰਤੀਬ ਹੈ ਜੋ NASB ਬਾਈਬਲ ਵਿਚ ਪਾਈ ਜਾਂਦੀ ਹੈ। ਖਿਆਲੀ ਬੇਤਰਤੀਬੀ ਸ਼ਾਇਦ ਇਬਰਾਨੀ ਮੂਲ ਲਿਖਤ ਵਿਚ ਇਕ ਇਰਾਦਤਨ ਵਿਅਕਤੀਕ੍ਰਮ (ABBA) ਹੈ।

A1: "ਜੇ ਕੋਈ ਬਲਦ ਯਾ ਭੇਡ ਚੁਰਾਵੇ ਯਾ ਉਸ ਨੂੰ ਮਾਰ ਸੁੱਟੇ ਯਾ ਉਸ ਨੂੰ ਵੇਚ ਦੇਵੇ ਤਾਂ ਚੌਣੇ ਵਿੱਚੋਂ ਉਸ ਦੇ ਵੱਟੇ ਪੰਜ ਬਲਦ ਅਤੇ ਇੱਜੜ ਵਿੱਚੋਂ ਉਸ ਦੇ ਵੱਟੇ ਚਾਰ ਭੇਡਾਂ ਵੱਟਾ ਭਰੇ" (22:1)।

B1: "ਜੇ ਉਹ ਚੋਰ ਸੰਨ੍ਹ ਲਾਉਂਦਾ ਫੜਿਆ ਜਾਵੇ ਅਤੇ ਉਹ ਮਾਰ ਨਾਲ ਮਰ ਜਾਵੇ ਤਾਂ ਏਹ ਖ਼ੂਨ ਦਾ ਦੋਸ਼ ਨਹੀਂ ਹੈ" (22:2)।

B2: "ਪਰ ਜੇ ਉਸ ਉੱਤੇ ਸੂਰਜ ਚੜ੍ਹ ਜਾਵੇ ਤਾਂ ਉਹ ਦੇ ਲਈ ਖ਼ੂਨ ਦਾ ਦੋਸ਼ ਹੋਵੇਗਾ" (22:3)।

A2: "ਉਹ ਵੱਟਾ ਭਰ ਦੇਵੇ। ਜੇ ਉਹ ਦੇ ਕੋਲ ਕੁਝ ਨਹੀਂ ਹੈ ਤਾਂ ਉਹ ਆਪਣੀ ਚੋਰੀ ਦੇ ਕਾਰਨ ਵੇਚਿਆ ਜਾਵੇ। ਜੇ ਚੋਰੀ ਦਾ ਮਾਲ ਉਹ ਦੇ ਹੱਥੋਂ ਜੀਉਂਦਾ ਲੱਭ ਜਾਵੇ ਭਾਵੇਂ ਬਲਦ ਭਾਵੇਂ ਖੋਤਾ ਭਾਵੇਂ ਭੇਡ ਤਾਂ ਉਹ ਦੂਣਾ ਵੱਟਾ ਭਰੇ" (22:3, 4)।

**ਆਇਤ 1.** ਇਹ ਅਧਿਆਇ ਇਸ ਸਿਧਾਂਤ ਨਾਲ ਸ਼ੁਰੂ ਹੁੰਦਾ ਹੈ: ਜੇਕਰ ਕੋਈ ਮਨੁੱਖ **ਬਲਦ ਯਾ ਭੇਡ ਚੁਰਾਵੇ** ਅਤੇ ਫਿਰ ਇਸ ਨੂੰ ਮਾਰ ਸੁੱਟੇ, ਉਸ ਨੂੰ ਉਸ **ਬਲਦ** ਦੇ ਵੱਟੇ ਪੰਜ ਬਲਦ ਅਤੇ ਉਸ **ਭੇਡ** ਦੇ ਵੱਟੇ ਚਾਰ ਭੇਡਾਂ ਭਰਨੀਆਂ ਪੈਣਗੀਆਂ। ਵੱਟੇ ਵਿਚ ਫ਼ਰਕ ਸ਼ਾਇਦ ਇਸ ਤੱਥ ਦੇ ਆਧਾਰ ਤੇ ਹੈ ਕਿ ਪਰਿਵਾਰ ਦੇ ਲਈ ਉਹ ਬਲਦ ਭੇਡ ਨਾਲੋਂ ਜ਼ਿਆਦਾ ਕੀਮਤੀ ਸੀ। ਆਰ. ਐਲਨ ਕੋਲ ਨੇ ਲਿਖਿਆ, "ਸਿਖਾਇਆ ਹੋਇਆ ਬਲਦ ਨਾ ਸਿਰਫ ਭੇਡ ਨਾਲੋਂ ਜ਼ਿਆਦਾ ਕੀਮਤੀ ਹੈ, ਪਰ ਇਸ ਦੀ ਥਾਂ ਲੈਣਾ ਵੀ ਬਹੁਤ ਜ਼ਿਆਦਾ ਮੁਸ਼ਕਲ ਹੈ।"[1]

ਸ਼ਾਇਦ ਇਸ ਸਜ਼ਾ ਦਾ ਸਭ ਤੋਂ ਮਹੱਤਵਪੂਰਣ ਪਹਿਲੂ ਉਹ ਹੈ ਜਿਸ ਨੂੰ ਸ਼ਾਮਲ ਨਹੀਂ ਸੀ ਕੀਤਾ ਗਿਆ। ਪ੍ਰਾਚੀਨ ਮਸੋਪੋਤਾਮੀਆ ਦੀਆਂ ਹੋਰਨਾਂ ਬਿਧੀਆਂ ਦੀ ਤੁਲਨਾ ਵਿਚ,[2] ਮੂਸਾ ਦੀ ਸ਼ਰਾ ਜ਼ਮੀਨ ਜਾਇਦਾਦ ਵਿਰੁੱਧ ਅਪਰਾਧਾਂ ਦੇ ਲਈ ਮੌਤ ਜਾਂ ਸਰੀਰ ਦੇ ਕਿਸੇ ਅੰਗ ਦੇ ਕੱਟਣ ਬਾਰੇ ਕਦੇ ਨਹੀਂ ਸੀ ਦੱਸਦੀ - ਉਦਾਹਰਣ ਦੇ ਲਈ, ਚੋਰ ਦਾ ਹੱਥ ਕੱਟਣਾ। ਅੱਜ ਚੋਰੀ ਦੇ ਲਈ ਜਿਨ੍ਹਾਂ ਸਜ਼ਾਵਾਂ ਦੀ ਲੋੜ ਹੈ ਉਨ੍ਹਾਂ ਤੋਂ ਭਿੰਨ, ਸ਼ਰਾ ਕੈਦ ਜਾਂ ਜੇਲ੍ਹ ਵਿਚ ਸਮੇਂ ਬਾਰੇ ਨਹੀਂ ਦੱਸਦੀ। ਆਖ਼ਰਕਾਰ, ਪੁਰਾਤਨ ਇਸਰਾਏਲ ਵਿਚ ਕੋਈ ਪੁਲਿਸ ਨਹੀਂ ਸੀ, ਨਾ ਹੀ ਉੱਥੇ ਜੇਲ੍ਹਾਂ ਜਾਂ ਕੈਦਖਾਨੇ ਸਨ।

**ਆਇਤ 2.** ਆਇਤ 1 ਦਾ ਸਿਧਾਂਤ ਇਹ ਅਣਕਹਿਆ ਸਵਾਲ ਖੜ੍ਹਾ ਕਰਦਾ ਹੈ: ਕਿਉਂਕਿ ਚੋਰ ਨੂੰ ਮੌਤ ਦੀ ਸਜ਼ਾ ਨਹੀਂ ਸੀ ਦਿੱਤੀ ਜਾਣੀ, ਉਸ ਚੋਰ ਬਾਰੇ ਕੀ ਹੈ ਜਿਹੜਾ ਚੋਰੀ ਕਰਦਿਆਂ ਮਾਰਿਆ ਗਿਆ ਸੀ? ਇਸ ਦਾ ਜਵਾਬ ਇਹ ਹੈ ਕਿ ਜੇਕਰ ਘਰ ਦੇ ਮਾਲਕ ਦੁਆਰਾ ਸੰਨ੍ਹ ਲਾਉਣ ਵਾਲਾ

**ਮਾਰ** ਨਾਲ ਮਰ ਜਾਵੇ, ਉਹ ਦੋਸ਼ ਰਹਿਤ ਸੀ। ਇਹ ਭਾਸ਼ਾ ਇਹ ਸੁਝਾਅ ਦੇ ਸਕਦੀ ਹੈ ਕਿ ਜਦੋਂ ਉਸ ਨੇ ਚੋਰ ਨੂੰ ਮਾਰਿਆ ਤਾਂ ਉਸ ਦਾ ਇਰਾਦਾ ਉਸ ਨੂੰ ਜਾਨੋਂ ਮਾਰਨ ਦਾ ਨਹੀਂ ਸੀ (ਵੇਖੋ 21:12)।

**ਆਇਤ 3.** ਪਰ, ਜੇਕਰ ਘਰ ਦੇ ਮਾਲਕ ਨੇ **ਸੂਰਜ ਚੜ੍ਹਨ** ਤੋਂ ਬਾਅਦ ਚੋਰ ਨੂੰ ਮਾਰਿਆ ਸੀ, ਇਹ **ਉਹ ਦੇ ਲਈ ਖ਼ੂਨ ਦਾ ਦੋਸ਼** ਹੋਵੇਗਾ। ਮਰੇ ਹੋਏ ਚੋਰ ਦੇ ਲਹੂ ਦਾ ਦੋਸ਼ੀ ਹੋਣਾ ਘਰ ਦੇ ਮਾਲਕ ਨੂੰ ਮੌਤ ਦੀ ਸਜ਼ਾ ਦੇ ਅਧੀਨ ਕਰ ਦਿੰਦਾ ਸੀ।

ਦੋਹਾਂ ਮਾਮਲਿਆਂ ਵਿਚਕਾਰ ਫ਼ਰਕ ਇਸ ਤੱਥ ਵਿਚ ਹੈ ਕਿ ਇਕ ਚੋਰ ਰਾਤ ਵਿਚ ਵੇਖਿਆ ਨਹੀਂ ਸੀ ਜਾ ਸਕਦਾ। ਘਰ ਦਾ ਮਾਲਕ ਉਸ ਦੇ ਇਰਾਦਿਆਂ ਨੂੰ ਨਹੀਂ ਸੀ ਜਾਣ ਸਕਦਾ ਕਿ ਉਸ ਦਾ ਉਦੇਸ਼ ਚੋਰੀ ਕਰਨਾ ਸੀ ਜਾਂ ਕਤਲ ਕਰਨਾ ਸੀ।[3] ਉਸ ਨੂੰ ਆਪਣੇ ਆਪ ਦੀ ਅਤੇ ਆਪਣੇ ਪਰਿਵਾਰ ਦੀ ਇਸ ਘਾਤਕ ਤਾਕਤ ਤੋਂ ਰੱਖਿਆ ਕਰਨ ਦਾ ਹੱਕ ਸੀ। ਪਰ, "ਸੂਰਜ ਚੜ੍ਹਨ" ਤੋਂ ਬਾਅਦ, ਦਿਨ ਦੇ ਸਮੇਂ, ਘਰ ਦਾ ਮਾਲਕ ਵੇਖ ਸਕਦਾ ਸੀ ਕਿ ਚੋਰ ਕੀ ਕਰ ਰਿਹਾ ਸੀ। ਉਸ ਨੂੰ ਚੋਰ ਦੇ ਰੂਪ ਵਿਚ ਪਛਾਣ ਕੇ, ਨਾ ਕਿ ਸੰਭਾਵਿਤ ਕਾਤਲ ਦੇ ਰੂਪ ਵਿਚ, ਘਰ ਦੇ ਮਾਲਕ ਨੂੰ ਉਸ ਨੂੰ ਜਾਨੋਂ ਮਾਰਨ ਦਾ ਅਧਿਕਾਰ ਨਹੀਂ ਸੀ।

ਇਹ ਬਿਧੀ ਆਪਣੇ ਆਪ ਦੀ ਘਾਤਕ ਤਾਕਤ ਕੋਲੋਂ ਰੱਖਿਆ ਕਰਨ ਦੇ ਲਈ ਇਕ ਇਸਰਾਏਲੀ ਦੇ ਹੱਕ ਦੇ ਬਾਰੇ ਸਿਖਾਉਂਦੀ ਸੀ, ਜੇਕਰ ਉਸ ਨੂੰ ਲੱਗਦਾ ਸੀ ਕਿ ਉਹ ਮਾਰਿਆ ਜਾਵੇਗਾ।[4] ਇਹ ਚੋਰ ਦੇ ਜੀਵਨ ਦੀ ਮਹੱਤਤਾ ਦਾ ਵੀ ਸਮਰਥਨ ਕਰਦੀ ਸੀ, ਜਿਹੜੀ ਕਿ ਜ਼ਮੀਨ ਜਾਇਦਾਦ ਤੋਂ ਵੱਧ ਕੇ ਜੀਵਨ ਨੂੰ ਤਰਜੀਹ ਦਿੰਦੀ ਸੀ। ਮੂਸਾ ਦੀ ਸ਼ਰਾ ਅਨੁਸਾਰ, ਇਕ ਵਿਅਕਤੀ ਦਾ ਜੀਵਨ - ਸਗੋਂ ਇਕ ਚੋਰ ਦਾ ਵੀ - ਕਿਸੇ ਵੀ ਚੀਜ਼ ਨਾਲੋਂ ਜ਼ਿਆਦਾ ਮਹੱਤਵਪੂਰਣ ਸੀ।[5]

ਇਕ ਹੋਰ ਅਣਕਹਿਆ ਸਵਾਲ ਇਹ ਹੈ: ਜੇਕਰ ਚੋਰ ਚੁਰਾਏ ਗਏ ਜਾਨਵਰ ਦਾ ਚਾਰ ਗੁਣਾ ਜਾਂ ਪੰਜ ਗੁਣਾ ਮੁੱਲ ਨਹੀਂ ਸੀ ਦੇ ਸਕਦਾ, ਤਾਂ ਕੀ ਕੀਤਾ ਜਾਣਾ ਸੀ? ਉਸ ਨੂੰ **ਆਪਣੀ ਚੋਰੀ ਦੇ ਕਾਰਨ ਵੇਚਿਆ ਜਾਣਾ** ਸੀ ਅਤੇ ਬੇਸ਼ੱਕ ਪੈਸਾ ਜਿਸ ਦੀ ਚੋਰੀ ਹੋਈ ਸੀ ਉਸ ਨੂੰ ਦਿੱਤਾ ਜਾਣਾ ਸੀ।

**ਆਇਤ 4.** ਆਇਤ 4 ਵਿਚ ਇਕ ਆਖ਼ਰੀ ਅਣਕਹਿਆ ਸਵਾਲ ਆਉਂਦਾ ਹੈ: ਜੇਕਰ ਚੋਰ ਨੇ ਹਾਲੇ ਤੱਕ ਚੋਰੀ ਕੀਤੇ ਗਏ ਜਾਨਵਰ ਨੂੰ ਨਹੀਂ ਸੀ ਵੇਚਿਆ ਜਾਂ ਨਹੀਂ ਸੀ ਖਾਧਾ ਹੁੰਦਾ, ਤਾਂ ਕੀ ਸਜ਼ਾ ਹੁੰਦੀ ਸੀ? ਜੇਕਰ ਜਾਨਵਰ **ਉਹ ਦੇ ਹੱਥੋਂ ਜੀਉਂਦਾ ਲੱਭ ਜਾਂਦਾ** ਸੀ, ਤਾਂ ਜੀਉਂਦਾ ਜਾਨਵਰ ਸਹੀ ਮਾਲਕ ਨੂੰ ਵਾਪਸ ਸੌਂਪ ਦਿੱਤਾ ਜਾਂਦਾ ਸੀ। ਜਾਨਵਰ ਦਾ ਚਾਰ ਜਾਂ ਪੰਜ ਗੁਣਾਂ ਮੁੱਲ ਦੇਣ ਦੀ ਬਜਾਇ, ਫਿਰ ਚੋਰ ਨੂੰ ਇਸ ਦਾ **ਦੂਣਾ** ਮੁੱਲ ਭਰਨਾ ਪੈਂਦਾ ਸੀ।

### ਪੈਲੀਆਂ ਸੰਬੰਧੀ ਲਾਪਰਵਾਹੀ (22:5, 6)

**5ਜਦ ਕੋਈ ਮਨੁੱਖ ਪੈਲੀ ਯਾ ਦਾਖ ਦੇ ਬਾਗ਼ ਨੂੰ ਖਿਲਾ ਦੇਵੇ ਯਾ ਆਪਣਾ ਪਸੂ ਛੱਡੇ ਜੋ ਉਹ ਦੂਜੇ ਦੀ ਪੈਲੀ ਨੂੰ ਖਾ ਜਾਵੇ ਤਾਂ ਆਪਣੇ ਖੇਤ ਦੀ ਅੱਤ ਉੱਤਮ ਪੈਦਾਵਾਰ ਤੋਂ ਯਾ ਬਾਗ਼ ਦੀ ਅੱਤ ਉੱਤਮ ਦਾਖ ਤੋਂ ਵੱਟਾ ਭਰੇ। 6ਜੇ ਕਦੀ ਅੱਗ ਭਖ ਉੱਠੇ ਅਤੇ ਕੰਡੇ ਕਾਠ ਨੂੰ ਐਉਂ ਜਾ ਲੱਗੇ ਕਿ ਅੰਨ ਦਾ ਖਲਵਾੜਾ ਯਾ ਅੰਨ ਦੀ ਖੜੀ ਪੈਲੀ ਯਾ ਖੇਤ ਸੜ ਜਾਵੇ ਤਾਂ ਅੱਗੇ ਦੇ ਲਾਉਣ ਵਾਲਾ ਜਰੂਰ ਵੱਟਾ ਭਰੇ।**

ਦੂਜੇ ਸਮੂਹ ਵਿਚ ਜ਼ਮੀਨ ਜਾਇਦਾਦ ਦੀਆਂ ਬਿਧੀਆਂ ਉਸ ਨੁਕਸਾਨ ਨਾਲ ਸੰਬੰਧਤ ਹਨ ਜੋ ਗਵਾਂਢੀ ਦੀ ਪੈਲੀ ਵਿਚ ਕੀਤਾ ਜਾਂਦਾ ਹੈ।

**ਆਇਤ 5.** ਇੱਥੇ ਦੋ ਮਾਮਲਿਆਂ ਦਾ ਵਰਣਨ ਕੀਤਾ ਗਿਆ ਹੈ। ਪਹਿਲਾ ਮਾਮਲਾ **ਪਸੂ** ਨੂੰ ਖੁੱਲ੍ਹਾ **ਛੱਡਣ** ਅਤੇ **ਦੂਜੇ ਦੀ ਪੈਲੀ ਵਿੱਚ** ਚਰਨ ਨਾਲ ਸੰਬੰਧਤ ਹੈ। ਬਲਦ ਦੀ ਮੌਤ ਨਾਲ ਸੰਬੰਧਤ ਬਿਧੀਆਂ ਨੂੰ ਧਿਆਨ ਵਿਚ ਰੱਖਦੇ ਹੋਏ (21:33, 34), ਅਵਾਰਾ ਜਾਨਵਰ ਦੇ ਮਾਲਕ ਨੂੰ ਉਸ ਦਾ

ਮੁੱਲ ਦੇਣਾ ਪੈਣਾ ਸੀ ਜਿੰਨਾ ਉਸ ਦੇ ਜਾਨਵਰ ਨੇ ਖਾਧਾ ਸੀ। ਇਸ ਤਰ੍ਹਾਂ ਕਰਕੇ, ਉਹ ਉਸ ਮਾਲਕ ਨੂੰ ਜਿਸ ਨੂੰ ਸੱਟ ਲੱਗੀ ਸੀ ਤੁੱਛ ਨਹੀਂ ਸੀ ਜਾਣ ਸਕਦਾ। ਬਲਕਿ, ਉਸ ਨੂੰ **ਅੱਤ ਉੱਤਮ ਪੈਦਾਵਾਰ ਤੋਂ ਵੱਟਾ ਭਰਨਾ** ਪੈਣਾ ਸੀ।

**ਆਇਤ 6.** ਦੂਜਾ ਮਾਮਲਾ ਪੈਲੀ ਦੇ ਮਾਲਕ ਦਾ ਵਰਣਨ ਕਰਦਾ ਹੈ ਜਿਸ ਨੇ **ਅੱਗ** ਲਾਈ ਸੀ, ਸ਼ਾਇਦ ਕੰਡੇ ਕਾਠ ਨੂੰ ਸਾੜਨ ਦੇ ਲਈ ਤਾਂ ਕਿ ਉਹ ਫਸਲ ਬੀਜ ਸਕੇ ਜਾਂ ਤਾਂ ਕਿ ਘਾਹ ਵੱਧ ਸਕੇ (ਵੇਖੋ 22:5; NEB)। ਪਰ, ਉਸ ਦੀ ਲਾਪਰਵਾਹੀ ਦੇ ਕਾਰਣ, ਉਹ ਅੱਗ ਜੋ ਉਸ ਨੇ ਲਾਈ ਸੀ ਉਸ ਨੇ ਕਿਸੇ ਹੋਰ ਮਨੁੱਖ ਦੀ **ਅੰਨ ਦੀ ਖੜੀ ਪੈਲੀ** ਨੂੰ ਨਾਸ ਕਰ ਦਿੱਤਾ। ਅਜਿਹੀ ਹਾਲਤ ਵਿਚ, **ਅੱਗ ਦੇ ਲਾਉਣ ਵਾਲਾ ਜਰੂਰ ਵੱਟਾ ਭਰੇ**।

ਦੋਹਾਂ ਮਾਮਲਿਆਂ ਵਿਚ, ਦੋਸ਼ੀ ਵਿਅਕਤੀ ਲਾਪਰਵਾਹ ਸੀ, ਨਾ ਕਿ ਈਰਖਾ ਕਰਨ ਵਾਲਾ। ਜਦੋਂ ਗੈਰ-ਇਰਾਦਤਨ ਗਲਤੀਆਂ ਹੁੰਦੀਆਂ ਸਨ, ਸੱਟ ਲੱਗਣ ਵਾਲੇ ਦਲ ਨੂੰ ਵੱਟਾ ਭਰਨਾ ਕਾਫੀ ਹੁੰਦਾ ਸੀ। ਅਜਿਹੇ ਹਾਲਾਤ ਅਪਰਾਧਕ ਸਜ਼ਾਵਾਂ ਦੀ ਮੰਗ ਨਹੀਂ ਸੀ ਕਰਦੇ।

### ਦੂਜਿਆਂ ਦੇ ਸਮਾਨ ਦੀ ਰਾਖੀ ਕਰਨ ਵਿਚ ਅਸਫ਼ਲਤਾਵਾਂ (22:7-15)

**7ਜਦ ਕੋਈ ਮਨੁੱਖ ਆਪਣੇ ਗਵਾਂਢੀ ਨੂੰ ਚਾਂਦੀ ਯਾ ਗਹਿਣਾ ਰੱਖਣ ਲਈ ਦੇਵੇ ਪਰ ਉਹ ਉਸ
ਮਨੁੱਖ ਦੇ ਘਰੋਂ ਚੁਰਾਇਆ ਜਾਵੇ ਜੇ ਚੋਰ ਫੜਿਆ ਜਾਵੇ ਤਾਂ ਉਹ ਦੂਣਾ ਭਰੇ। 8ਪਰ ਜੇ ਚੋਰ ਨਾ
ਫੜਿਆ ਜਾਵੇ ਤਾਂ ਘਰ ਦਾ ਮਾਲਕ ਨਿਆਈਆਂ ਦੇ ਕੋਲ ਲਿਆਂਦਾ ਜਾਵੇ ਤਾਂ ਜੋ ਮਲੂਮ ਹੋਵੇ ਕਿ
ਉਸ ਨੇ ਆਪਣਾ ਹੱਥ ਆਪਣੇ ਗਵਾਂਢੀ ਦੇ ਮਾਲ ਧਨ ਨੂੰ ਲਾਇਆ ਹੈ ਕਿ ਨਹੀਂ। 9ਅਪਰਾਧ ਦੀ
ਹਰ ਪਰਕਾਰ ਦੀ ਗੱਲ ਵਿੱਚ ਭਾਵੇਂ ਬਲਦ ਦੀ ਭਾਵੇਂ ਖੋਤੇ ਦੀ ਭਾਵੇਂ ਭੇਡ ਦੀ ਭਾਵੇਂ ਚਾਦਰ ਦੀ ਭਾਵੇਂ
ਕਿਸੇ ਗਵਾਚੀ ਹੋਈ ਚੀਜ ਦੀ ਜਿਸ ਵਿਖੇ ਕੋਈ ਆਖੇ ਕਿ 'ਏਹੋ ਹੀ ਹੈ' ਤਾਂ ਉਨ੍ਹਾਂ ਦੋਹਾਂ ਦੀ ਗੱਲ
ਨਿਆਈਆਂ ਕੋਲ ਆਵੇ ਅਤੇ ਜਿਹ ਨੂੰ ਨਿਆਈ ਦੋਸ਼ੀ ਠਹਿਰਾਉਣ ਉਹ ਆਪਣੇ ਗਵਾਂਢੀ ਨੂੰ ਦੂਣਾ
ਭਰ ਦੇਵੇ। 10ਜੇ ਕੋਈ ਮਨੁੱਖ ਆਪਣੇ ਗਵਾਂਢੀ ਨੂੰ ਖੋਤਾ ਯਾ ਬਲਦ ਯਾ ਭੇਡ ਯਾ ਕੋਈ ਪਸੂ ਸਾਂਭਣ
ਲਈ ਦੇਵੇ ਅਰ ਉਹ ਮਰ ਜਾਵੇ ਯਾ ਸੱਟ ਖਾ ਜਾਵੇ ਯਾ ਕਿਸੇ ਦੇ ਵੇਖੇ ਬਿਨਾ ਕਿਤੇ ਹੱਕਿਆ ਜਾਵੇ,
11ਤਾਂ ਉਨ੍ਹਾਂ ਦੇ ਵਿੱਚ ਯਹੋਵਾਹ ਦੀ ਸੌਂਹ ਹੋਵੇਗੀ ਭਈ ਉਸ ਨੇ ਆਪਣੇ ਗਵਾਂਢੀ ਦੇ ਮਾਲ ਨੂੰ ਹੱਥ
ਨਹੀਂ ਲਾਇਆ ਅਤੇ ਉਹ ਦਾ ਮਾਲਕ ਸੁਣ ਲਵੇ ਤਾਂ ਉਹ ਵੱਟਾ ਨਾ ਭਰੇ। 12ਜੇ ਉਹ ਸੱਚ ਮੁੱਚ ਉਸ
ਤੋਂ ਚੁਰਾਇਆ ਜਾਵੇ ਤਾਂ ਉਹ ਉਸ ਦੇ ਮਾਲਕ ਨੂੰ ਵੱਟਾ ਭਰੇ। 13ਜੇ ਉਹ ਸੱਚ ਮੁੱਚ ਪਾੜਿਆ ਜਾਵੇ
ਤਾਂ ਉਹ ਉਸ ਨੂੰ ਉਗਾਹੀ ਵਿੱਚ ਲਿਆਵੇ ਅਤੇ ਪਾੜੇ ਹੋਏ ਦਾ ਵੱਟਾ ਨਾ ਭਰੇ। 14ਜਦ ਕੋਈ ਮਨੁੱਖ
ਆਪਣੇ ਗਵਾਂਢੀ ਤੋਂ ਕੁਝ ਉਧਾਰ ਲਵੇ ਅਰ ਉਹ ਸੱਟ ਖਾ ਜਾਵੇ ਯਾ ਮਰ ਜਾਵੇ ਜਦ ਕਿ ਉਹ ਦਾ
ਮਾਲਕ ਕੋਲ ਨਹੀਂ ਹੈ ਤਾਂ ਉਹ ਜਰੂਰ ਵੱਟਾ ਭਰੇ। 15ਜੇ ਉਹ ਦਾ ਮਾਲਕ ਉਹ ਦੇ ਕੋਲ ਹੋਵੇਂ ਤਾਂ
ਉਹ ਵੱਟਾ ਨਾ ਭਰੇ ਜੇ ਉਹ ਭਾੜੇ ਉੱਤੇ ਹੋਵੇ ਤਾਂ ਉਹ ਭਾੜੇ ਵਿੱਚ ਗਿਣਿਆ ਜਾਵੇ।**

ਤੀਜੇ ਸਮੂਹ ਵਿਚ, ਕੇਂਦਰ-ਬਿੰਦੂ ਉਸ ਜ਼ਮੀਨ ਜਾਇਦਾਦ ਦੀ ਰਾਖੀ ਕਰਨ ਵਿਚ ਇਕ ਵਿਅਕਤੀ ਦੀ ਅਸਫ਼ਲਤਾ ਤੇ ਹੈ ਜੋ ਉਸ ਨੂੰ ਸੌਂਪੀ ਗਈ ਸੀ। ਇਸ ਵਾਰ ਤਿੰਨ ਸਥਿਤੀਆਂ ਦਾ ਵਰਣਨ ਕੀਤਾ ਗਿਆ ਹੈ: ਪਹਿਲੀ ਸਥਿਤੀ ਵਿਚ "ਮਾਲ ਧਨ" ਸ਼ਾਮਲ ਹੈ ਜੋ ਕਿਸੇ ਹੋਰ ਦੇ ਲਈ ਰੱਖਿਆ ਗਿਆ ਸੀ, ਦੂਜੀ ਸਥਿਤੀ ਵਿਚ ਜਾਨਵਰ ਸ਼ਾਮਲ ਹੈ ਜੋ ਕਿਸੇ ਹੋਰ ਦੇ ਲਈ ਰੱਖਿਆ ਗਿਆ ਹੈ ਅਤੇ ਤੀਜੀ ਸਥਿਤੀ ਵਿਚ ਉਧਾਰ ਲਈ ਗਈ ਜ਼ਮੀਨ ਜਾਇਦਾਦ ਦਾ ਘਾਟਾ ਸ਼ਾਮਲ ਹੈ।

**ਆਇਤ 7.** ਇਹ ਪਹਿਲਾ ਮਾਮਲਾ **ਮਾਲ ਧਨ** ਬਾਰੇ ਹੈ ਜੋ **ਗਵਾਂਢੀ** ਨੂੰ ਸੌਂਪਿਆ ਗਿਆ ਸੀ। ਅਜਿਹਾ ਪ੍ਰਬੰਧ ਨਿਸ਼ਚਤ ਤੌਰ ਤੇ ਉਨ੍ਹਾਂ ਦਿਨਾਂ ਵਿਚ ਸੰਭਵ ਸੀ ਜਦੋਂ ਬੈਂਕ ਨਹੀਂ ਸੀ ਹੁੰਦੇ। ਜੇਕਰ **ਚੋਰ** ਕਿਸੇ ਚੀਜ਼ ਨੂੰ ਚੋਰੀ ਕਰ ਲੈਂਦਾ ਸੀ ਜੋ ਕਿਸੇ ਹੋਰ ਨੂੰ ਸੌਂਪੀ ਗਈ ਹੁੰਦੀ ਸੀ, ਤਾਂ ਉਸ ਨੂੰ ਉਸ

ਚੀਜ਼ ਦਾ ਜੋ ਚੋਰੀ ਹੋ ਗਈ ਸੀ ਦੁਗਣਾ ਮੁੱਲ ਭਰਨਾ ਪੈਂਦਾ ਸੀ (22:4 ਨਾਲ ਤੁਲਨਾ ਕਰੋ)।

**ਆਇਤ 8.** ਪਰ, ਜੇ **ਚੋਰ ਫੜਿਆ ਨਹੀਂ** [ਸੀ] **ਜਾਂਦਾ**, ਤਾਂ ਚੋਰੀ ਕੀਤੀ ਗਈ ਚੀਜ਼ ਦੇ ਅਸਲੀ ਮਾਲਕ ਕੋਲ **ਘਰ ਦੇ ਮਾਲਕ** ਬਾਰੇ ਸਿਰਫ ਇੱਕੋ ਗੱਲ ਹੁੰਦੀ ਸੀ ਕਿ ਚੀਜ਼ ਚੋਰੀ ਹੋ ਚੁੱਕੀ ਹੈ। ਜੇਕਰ ਇਹ ਹੁੰਦਾ ਸੀ, ਉਹ ਵਿਸ਼ਵਾਸ ਕਰ ਸਕਦਾ ਸੀ ਕਿ ਉਹ ਵਿਅਕਤੀ ਜਿਸ ਨੂੰ ਉਸ ਨੇ ਆਪਣੀ ਜ਼ਮੀਨ ਜਾਇਦਾਦ ਸੌਂਪੀ ਸੀ ਉਸ ਨੇ ਅਸਲ ਵਿਚ ਉਸ ਦੇ ਮਾਲ ਨੂੰ ਵੇਚ ਦਿੱਤਾ ਸੀ ਅਤੇ ਪੈਸੇ ਆਪਣੇ ਕੋਲ ਰੱਖ ਲਏ ਸਨ। ਅਜਿਹੀ ਹਾਲਤ ਵਿਚ, ਦੋਵੇਂ ਮਨੁੱਖ ਕਿਸੇ ਨਾ ਕਿਸੇ ਕਿਸਮ ਦੀ ਅਦਾਲਤ ਵਿਚ **ਨਿਆਈਆਂ ਕੋਲ** ਜਾਂਦੇ ਸਨ।

22:8, 9 ਵਿਚ ਅਨੁਵਾਦ ਕੀਤਾ ਗਿਆ ਸ਼ਬਦ "ਨਿਆਈਆਂ" ਇਬਰਾਨੀ ਸ਼ਬਦ אֱלֹהִים *(ਇਲੋਹਿਮ)* ਤੋਂ ਆਇਆ ਹੈ ਅਤੇ ਇਸ ਦਾ ਅਨੁਵਾਦ "ਪਰਮੇਸ਼ੁਰ" ਕੀਤਾ ਜਾ ਸਕਦਾ ਹੈ (NRSV; NEB; NJB; 21:6 ਤੇ ਟਿੱਪਣੀਆਂ ਵੇਖੋ)। ਜੇ ਇਸ ਦਾ ਅਰਥ "ਪਰਮੇਸ਼ੁਰ ਦੇ ਕੋਲ" ਸੀ, ਤਾਂ ਦੋਸ਼ੀ ਵਿਅਕਤੀ ਨੇ ਪਰਮੇਸ਼ੁਰ ਦੇ ਨੁਮਾਇੰਦੇ ਦੇ ਕੋਲ ਜਾਣਾ ਸੀ, ਸ਼ਾਇਦ ਪਵਿੱਤਰ ਅਸਥਾਨ ਵਿਚ। ਫਿਰ ਉਹ ਵਿਅਕਤੀ ਜੋ ਚੋਰੀ ਕਰਨ ਦਾ ਦੋਸ਼ੀ ਸੀ ਉਸ ਨੇ ਪਰਤੱਖ ਰੂਪ ਵਿਚ ਇਸਰਾਏਲੀਆਂ ਦੇ ਅਧਿਕਾਰੀਆਂ ਦੇ ਸਾਹਮਣੇ ਸੌਂਹ ਚੁੱਕਣੀ ਸੀ ਕਿ ਉਹ ਨਿਰੋਦਸ਼ ਸੀ (ਵੇਖੋ 22:11)। ਜੇ. ਫਿਲਿਪ ਹਯਾਤ ਅਨੁਸਾਰ, "ਇੱਥੇ ਇਹ ਮੰਨਿਆ ਗਿਆ ਹੈ ਕਿ ਪਰਮੇਸ਼ੁਰ ਦੀ ਹਜ਼ੂਰੀ ਵਿਚ ਇਹ ਸੌਂਹ ਇੰਨੀ ਜ਼ਿਆਦਾ ਮਜ਼ਬੂਤ ਸੀ ਕਿ ਕੋਈ ਵੀ ਵਿਅਕਤੀ ਝੂਠੀ ਸੌਂਹ ਨਹੀਂ ਸੀ ਖਾਂਦਾ।"[6] ਜੌਨ ਆਈ. ਡਰਹਮ ਨੇ ਦਾਅਵੇ ਦੇ ਨਾਲ ਕਿਹਾ ਸੀ ਕਿ ਦੋਵੇਂ ਦਲਾਂ ਨੂੰ ਇਕ ਰੱਬੀ ਫ਼ੈਸਲਾ ਮਿਲਦਾ ਸੀ, ਸ਼ਾਇਦ ਊਰੀਮ ਅਰ ਤੁੰਮੀਮ ਦੇ ਰਾਹੀਂ (ਵੇਖੋ 28:30)।[7]

**ਆਇਤ 9.** ਇਹ ਆਇਤ ਹਰ ਤਰ੍ਹਾਂ ਦੀ ਜ਼ਮੀਨ ਜਾਇਦਾਦ, ਜਾਨਵਰਾਂ ਨਾਲੇ ਚੀਜ਼ਾਂ ਨੂੰ ਸ਼ਾਮਲ ਕਰਦੇ ਹੋਏ ਬਿਧੀ ਨੂੰ ਵਿਸਤਾਰ ਦਿੰਦੀ ਹੈ। ਇਹ ਕਿਸੇ ਵੀ ਅਜਿਹੀ ਸਥਿਤੀ ਨੂੰ ਵੀ ਸ਼ਾਮਲ ਕਰਦੀ ਹੈ ਜਿਸ ਦੇ ਵਿਚ ਇਕ ਮਨੁੱਖ ਦਾ ਮੰਨਣਾ ਸੀ ਕਿ ਉਸ ਨੇ ਆਪਣੇ ਗਵਾਂਢੀ ਕੋਲ **ਗਵਾਚੀ ਹੋਈ ਚੀਜ** ਜਾਂ ਚੋਰੀ ਕੀਤੀ ਹੋਈ ਚੀਜ਼ ਵੇਖੀ ਸੀ। ਜਦੋਂ ਇਸ ਤਰ੍ਹਾਂ ਹੁੰਦਾ ਸੀ, ਮਾਲਕ ਕਹਿੰਦਾ ਸੀ, **ਏਹੋ ਹੀ ਹੈ**; ਇਹ ਮੇਰੀ ਚੀਜ ਹੈ ਜੋ ਗਵਾਚ ਗਈ ਸੀ।" ਫਿਰ ਦੋਵੇਂ ਮਨੁੱਖ **ਨਿਆਈਆਂ ਕੋਲ**, ਜਾਂ "ਪਰਮੇਸ਼ੁਰ ਕੋਲ" ਜਾਂਦੇ ਸਨ। ਜਿਹੜਾ ਮਨੁੱਖ ਧੋਖਾ ਦੇਣਾ ਦਾ ਦੋਸ਼ੀ ਪਾਇਆ ਜਾਂਦਾ ਸੀ - ਭਾਵੇਂ ਉਸ ਮਨੁੱਖ ਨੇ ਜਿਹੜੀ ਚੀਜ ਲਈ ਸੀ ਉਸ ਦੀ ਨਹੀਂ ਸੀ ਜਾਂ ਮਨੁੱਖ ਜਿਸ ਨੇ **ਆਪਣੇ ਗਵਾਂਢੀ** ਤੇ ਝੂਠਾ ਦੋਸ਼ ਲਾਇਆ ਸੀ - ਉਸ ਨੂੰ ਦੂਜੇ ਦਲ ਨੂੰ ਉਸ ਚੀਜ ਦਾ **ਦੁਗਣਾ** ਮੁੱਲ **ਭਰਨਾ** ਪੈਂਦਾ ਸੀ ਜਿਸ ਚੀਜ ਦੇ ਬਾਰੇ ਵਿਵਾਦ ਹੁੰਦਾ ਸੀ।[8]

**ਆਇਤਾਂ 10, 11.** ਇਸ ਦੂਜੇ ਮਾਮਲੇ ਵਿਚ, ਇਕ ਮਨੁੱਖ ਦਾ ਉਸ ਵਜੋਂ ਵਰਣਨ ਕੀਤਾ ਗਿਆ ਹੈ ਜਿਸ ਨੇ **ਆਪਣੇ ਗਵਾਂਢੀ** ਨੂੰ ਉਸ ਦੇ ਲਈ ਕੋਈ ਚੀਜ **ਸਾਂਭਣ** ਦੇ ਲਈ ਆਖਿਆ ਸੀ, ਪਰ ਇਸ ਵਾਰ ਜੋ ਚੀਜ ਸਾਂਭੀ ਗਈ ਸੀ ਉਹ **ਪਸ਼ੂ** ਸੀ। ਜਿਵੇਂ ਕਿ ਪਿਛਲੇ ਮਾਮਲਿਆਂ ਵਿਚ ਸੀ, ਉਹ ਜੋ ਗਵਾਂਢੀ ਨੂੰ ਸੌਂਪਿਆ ਗਿਆ ਸੀ ਗਵਾਚ ਗਿਆ ਸੀ; ਇਸ ਦ੍ਰਿਸ਼ ਵਿਚ ਇਹ ਜਾਂ ਤਾਂ **ਮਰ ਜਾਂਦਾ ਹੈ** ਜਾਂ ਇਸ ਨੂੰ **ਸੱਟ ਲੱਗ ਗਈ ਹੈ** ਜਾਂ **ਕਿਸੇ ਦੇ ਵੇਖੇ ਬਿਨਾ ਕਿਤੇ ਹੱਕਿਆ ਗਿਆ** ਹੈ। ਫੇਰ, ਇਹ ਸੰਭਵ ਹੈ ਕਿ ਉਹ ਵਿਅਕਤੀ ਜਿਹੜਾ ਇਸ ਪਸ਼ੂ ਨੂੰ ਸਾਂਭ ਰਿਹਾ ਸੀ ਅਸਲ ਵਿਚ ਉਸ ਨੇ ਖੁਦ ਹੀ ਇਸ ਨੂੰ ਲੈ ਲਿਆ ਹੈ। ਇਸ ਹਾਲਤ ਵਿਚ, **ਯਹੋਵਾਹ ਦੀ ਸੌਂਹ** ਨੇ - ਜੋ ਕਿ ਯਹੋਵਾਹ ਦੇ ਨੁਮਾਇੰਦਿਆਂ ਦੇ ਸਾਹਮਣੇ ਹੋਈ ਸੀ - ਮਸਲੇ ਨੂੰ ਸੁਲਝਾ ਦਿੱਤਾ ਸੀ। ਜੇਕਰ ਪਸ਼ੂ ਦੇ ਸਾਂਭਣ ਵਾਲੇ ਨੇ ਅਜਿਹੀ ਸੌਂਹ ਚੁੱਕੀ ਸੀ, ਪਸ਼ੂ ਦੇ **ਮਾਲਕ** ਨੇ ਉਸ ਦੀ ਗੱਲ **ਸੁਣਨੀ** ਸੀ ਅਤੇ ਉਸ ਕੋਲੋਂ **ਵੱਟਾ** ਨਹੀਂ ਸੀ ਭਰਨਾ।

**ਆਇਤ 12.** ਜੇ ਪਸ਼ੂ **ਸੱਚ ਮੁੱਚ ਚੁਰਾਇਆ** ਗਿਆ ਸੀ, ਤਾਂ ਉਹ ਵਿਅਕਤੀ ਜਿਹੜਾ ਇਸ ਨੂੰ

ਸਾਂਭ ਰਿਹਾ ਸੀ ਉਸ ਨੇ ਜਾਨਵਰ ਦੇ ਮਾਲਕ ਨੂੰ **ਵੱਟਾ ਭਰਨਾ** ਸੀ, ਸ਼ਾਇਦ ਇਸ ਲਈ ਕਿਉਂਕਿ ਉਹ ਲਾਪਰਵਾਹ ਸੀ। ਪਰ, ਉਸ ਨੂੰ ਦੁਗਣਾ ਭਰਨ ਦੀ ਲੋੜ ਨਹੀਂ ਸੀ ਕਿਉਂਕਿ ਉਹ ਅਪਰਾਧ ਦਾ ਦੋਸ਼ੀ ਨਹੀਂ ਸੀ।

**ਆਇਤ 13.** ਜੇਕਰ ਪਸ਼ੂ ਕਿਸੇ ਜੰਗਲੀ ਜਾਨਵਰ ਦੁਆਰਾ **ਪਾੜਿਆ ਜਾਵੇ**, ਉਹ ਵਿਅਕਤੀ ਜਿਹੜਾ ਇਸ ਨੂੰ ਸਾਂਭ ਰਿਹਾ ਸੀ ਉਸ ਨੂੰ **ਉਗਾਹੀ ਵਿੱਚ** ਪਸ਼ੂ ਦੇ ਮਾਲਕ ਨੂੰ ਲੋਥ ਵਿਖਾਉਣ ਦੀ ਲੋੜ ਹੁੰਦੀ ਸੀ (ਵੇਖੋ ਆਮੋਸ 3:12)। ਉਸ ਨੂੰ **ਵੱਟਾ ਭਰਨ** ਦੀ ਲੋੜ ਨਹੀਂ ਸੀ, ਕਿਉਂਕਿ ਇਸ ਵਿਅਕਤੀ ਤੇ ਉਸ ਦਾ ਦੋਸ਼ ਨਹੀਂ ਸੀ ਲਾਇਆ ਜਾ ਸਕਦਾ ਜੋ ਕਿਸੇ ਜੰਗਲੀ ਜਾਨਵਰ ਨੇ ਕੀਤਾ ਸੀ।

**ਆਇਤ 14.** ਤੀਜਾ ਮਾਮਲਾ ਗਵਾਂਢੀ ਨੂੰ ਕੋਈ ਸੌਂਪੀ ਗਈ ਚੀਜ ਨਾਲ ਨਹੀਂ ਬਲਕਿ **ਗਵਾਂਢੀ** ਤੋਂ ਉਧਾਰ ਜਾਂ ਕਿਰਾਏ ਤੇ ਲਈ ਗਈ ਚੀਜ ਨਾਲ ਸੰਬੰਧਤ ਹੈ। ਉਦਾਹਰਣ ਦੇ ਲਈ, ਕੋਈ **ਮਨੁੱਖ** ਆਪਣੀ ਜ਼ਮੀਨ ਵਿਚ ਵਾਹੁਣ ਦੇ ਲਈ ਕਿਸੇ ਹੋਰ ਦਾ ਬਲਦ ਉਧਾਰ ਲੈ ਸਕਦਾ ਸੀ। ਜੇਕਰ ਉਧਾਰ ਲਿਆ ਜਾਨਵਰ ਉਸ ਸਮੇਂ ਜਦੋਂ ਉਸ ਦਾ ਮਾਲਕ ਉਸ ਦੇ ਨਾਲ ਨਹੀਂ ਸੀ ਹੁੰਦਾ ਮਰ ਜਾਂਦਾ ਸੀ ਜਾਂ ਉਸ ਨੂੰ ਸੱਟ ਲੱਗ ਜਾਂਦੀ ਸੀ, ਉਧਾਰ ਲੈਣ ਵਾਲੇ ਨੂੰ **ਮਾਲਕ** ਨੂੰ **ਵੱਟਾ ਭਰਨਾ** ਪੈਂਦਾ ਸੀ।

**ਆਇਤ 15.** ਦੂਜੇ ਪਾਸੇ, ਜੇਕਰ **ਮਾਲਕ** ਉਸ ਸਮੇਂ ਨਾਲ ਹੁੰਦਾ ਸੀ ਜਦੋਂ ਉਹ ਜਾਨਵਰ ਮਰਿਆ ਜਾਂ ਜਦੋਂ ਉਸ ਨੂੰ ਸੱਟ ਲੱਗੀ, ਤਾਂ ਜਾਨਵਰ ਨੂੰ ਇਸਤੇਮਾਲ ਕਰਨ ਵਾਲੇ ਨੂੰ **ਵੱਟਾ ਭਰਨ** ਦੀ ਕੋਈ ਲੋੜ ਨਹੀਂ ਸੀ ਹੁੰਦੀ। ਕਿਉਂਕਿ ਜਾਨਵਰ ਦਾ ਮਾਲਕ ਉੱਥੇ ਮੌਜੂਦ ਸੀ, ਸੱਟ ਜਾਂ ਮੌਤ ਸ਼ਾਇਦ ਜਾਨਵਰ ਨੂੰ ਇਸਤੇਮਾਲ ਕਰਨ ਵਾਲੇ ਦੀ ਲਾਪਰਵਾਹੀ ਕਾਰਣ ਨਹੀਂ ਸੀ ਹੋਈ ਅਤੇ ਸ਼ਾਇਦ ਇਸ ਤੋਂ ਬਚਿਆ ਨਹੀਂ ਸੀ ਜਾ ਸਕਦਾ; ਇਸ ਲਈ, ਜਾਨਵਰ ਨੂੰ ਇਸਤੇਮਾਲ ਕਰਨ ਵਾਲਾ ਕਿਸੇ ਗਲਤੀ ਦਾ ਦੋਸ਼ੀ ਨਹੀਂ ਸੀ। ਇਸ ਤੋਂ ਇਲਾਵਾ, ਜੇਕਰ ਉਹ ਜਾਨਵਰ **ਭਾੜੇ ਉੱਤੇ** ਸੀ, ਉਹ ਪੈਸਾ ਜੋ ਇਸ ਜਾਨਵਰ ਨੂੰ ਭਾੜੇ ਤੇ ਲੈਣ ਦੇ ਲਈ ਪਹਿਲਾਂ ਹੀ ਖਰਚਿਆ ਗਿਆ ਸੀ ਜਾਨਵਰ ਦੀ ਵਰਤੋਂ ਦੇ ਲਈ ਦੇਣ ਵਾਸਤੇ ਕਾਫ਼ੀ ਸੀ।[9]

## ਮਨੁੱਖ ਦੀ ਧੀ ਦਾ ਗਲਤ ਇਸਤੇਮਾਲ (22:16, 17)

**[16]ਜਦ ਕੋਈ ਮਨੁੱਖ ਕਿਸੇ ਕੁਆਰੀ ਨੂੰ ਜਿਹ ਦੀ ਕੁੜਮਾਈ ਨਹੀਂ ਹੋਈ ਡ਼ਾਂਸਾ ਦੇਵੇ ਅਤੇ ਉਸ ਦੇ ਨਾਲ ਲੇਟੇ ਉਹ ਜ਼ਰੂਰ ਉਸ ਦਾ ਮੁੱਲ ਦੇਕੇ ਉਸ ਨੂੰ ਵਿਆਹ ਲਵੇ। [17]ਜੇ ਉਸ ਦਾ ਪਿਤਾ ਉਸ ਨੂੰ ਦੇਣ ਤੋਂ ਉੱਕਾ ਹੀ ਇਨਕਾਰੀ ਹੋਵੇ ਤਾਂ ਉਹ ਕੁਆਰੀਆਂ ਦੇ ਮਹਿਰ ਅਨੁਸਾਰ ਚਾਂਦੀ ਤੋਲ ਕੇ ਦੇਵੇ।**

"ਜ਼ਮੀਨ ਜਾਇਦਾਦ" ਵਿਰੁੱਧ ਅਪਰਾਧ ਦੀ ਚੌਥੀ ਕਿਸਮ ਵਿਚ ਮਨੁੱਖ ਦੀ ਧੀ ਦਾ ਗਲਤ ਇਸਤੇਮਾਲ ਕਰਨਾ ਸ਼ਾਮਲ ਹੁੰਦਾ ਹੈ। ਹਾਲਾਂਕਿ ਅੱਜ ਦੇ ਜ਼ਿਆਦਾਤਰ ਲੋਕਾਂ ਦੇ ਲਈ ਮਨੁੱਖ ਦੀ ਧੀ ਨੂੰ "ਸੰਪਤੀ" ਸਮਝਣਾ ਘਿਣਾਉਣੀ ਗੱਲ ਹੈ, ਪੁਰਾਤਨ ਇਸਰਾਏਲ ਵਿਚ ਇਕ ਭਾਵ ਵਿਚ ਪਿਤਾ ਆਪਣੀ ਧੀ ਦਾ ਤਦ ਤੱਕ "ਮਾਲਕ" ਹੁੰਦਾ ਸੀ ਜਦੋਂ ਤੱਕ ਉਹ ਵਿਆਹੀ ਨਹੀਂ ਸੀ ਜਾਂਦੀ। ਇਸ ਲਈ, ਉਸ ਦੇ ਬੁਰੇ ਵਰਤਾਓ ਨੂੰ "ਜ਼ਮੀਨ ਜਾਇਦਾਦ ਵਿਰੁੱਧ ਅਪਰਾਧ" ਸਮਝਿਆ ਜਾ ਸਕਦਾ ਸੀ। ਪੀਟਰ ਐਨਸ ਨੇ ਦੱਸਿਆ ਸੀ ਕਿ ਇਹ ਅਪਰਾਧ "'ਜ਼ਮੀਨ ਜਾਇਦਾਦ ਦੇ ਨੁਕਸਾਨ' ਦੀ ਸ਼੍ਰੇਣੀ ਵਿਚ ਆਉਂਦਾ ਸੀ ਨਾ ਕਿ 'ਸਮਾਜਕ ਜ਼ਿੰਮੇਵਾਰੀ' ਵਿਚ।"[10] ਵਿਚਾਰ ਅਧੀਨ ਮਾਮਲੇ ਵਿਚ, ਮਨੁੱਖ "ਕੁਆਰੀ ਨੂੰ ਡ਼ਾਂਸਾ ਦਿੰਦਾ ਹੈ" ਜਿਸ ਦਾ ਨਾ ਤਾਂ ਵਿਆਹ ਹੋਇਆ ਹੈ ਨਾ ਹੀ ਕੁੜਮਾਈ।

**ਆਇਤ 16.** ਇਹ ਨੋਟ ਕਰਨਾ ਜਰੂਰੀ ਹੈ ਕਿ ਇਹ ਮਾਮਲਾ ਡ਼ਾਂਸੇ ਦੀ ਘਟਨਾ ਦਾ ਵਰਣਨ ਕਰਦਾ ਹੈ ਨਾ ਕਿ ਬਲਾਤਕਾਰ ਦਾ। ਨਾਹੁਮ ਐਮ. ਸਰਨਾ ਨੇ ਟਿੱਪਣੀ ਕੀਤੀ ਸੀ ਕਿ ਔਰਤ ਨੂੰ "ਪ੍ਰੇਰਣਾ ਜਾਂ ਧੋਖੇ ਨਾਲ ਡ਼ਾਂਸਾ ਦਿੱਤਾ ਗਿਆ ਸੀ ਪਰ ਬਲਾਤਕਾਰ ਨਾਲ ਨਹੀਂ। ਕੁੜੀ ਦੀ ਵੱਲੋਂ

ਸਹਿਮਤੀ ਦਾ ਇਕ ਅਨੁਮਾਨ ਹੈ"; "ਇਬਨ ਐਜ਼ਰਾ ਨੇ ਦੱਸਿਆ ਸੀ ਕਿ ਕਾਨੂੰਨੀ ਵਿਸ਼ਿਆਂ ਦੀ ਤਰਤੀਬ 'ਚੋਰੀ ਕੀਤੀ ਗਏ ਸੰਪਤੀ ਦੇ ਮਾਮਲੇ ਤੋਂ ਲੈ ਕਿ ਚੋਰੀ ਕੀਤੇ ਗਏ ਦਿਲ ਤੱਕ ਹੈ।' ਦੋਵੇਂ ਅਪਰਾਧ ਹਨ ਜੋ ਆਰਥਕਿ ਨੁਕਸਾਨ ਦਾ ਕਾਰਣ ਬਣਦੇ ਹਨ ਅਤੇ ਪੈਸੇ ਦੇ ਮੁਆਵਜੇ ਦੀ ਮੰਗ ਕਰਦੇ ਹਨ।"[11]

ਇਸ ਤੋਂ ਇਲਾਵਾ, ਕੁੜੀ ਜਿਸ ਨੂੰ ਇੱਥੇ ਦਰਸਾਇਆ ਗਿਆ ਹੈ ਉਸ ਦੇ ਬਾਰੇ ਕੁਝ ਨਹੀਂ ਆਖਿਆ ਗਿਆ; ਜੇਕਰ ਉਹ ਵਿਆਹੀ ਹੋਈ ਸੀ ਜਾਂ ਕਿਸੇ ਨਾਲ ਉਸ ਦੀ ਕੁੜਮਾਈ ਹੋਈ ਸੀ, ਉਹ ਮਨੁੱਖ ਜ਼ਨਾਹਕਾਰੀ ਦਾ ਦੋਸ਼ੀ ਹੋਵੇਗਾ। ਬਿਵਸਥਾ ਸਾਰ 22:23-27 ਕੁੜਮਾਈ ਕੀਤੀ ਵਾਲੀ ਛੋਕਰੀ ਜਿਹੜੀ ਆਪਣੀ ਇੱਛਾ ਨਾਲ (ਦੋਵਾਂ ਨੂੰ ਮਾਰਿਆ ਜਾਣਾ ਸੀ) ਅਤੇ ਅਣਇੱਛਾ ਨਾਲ (ਸਿਰਫ ਮਨੁੱਖ ਨੂੰ ਪਥਰਾਓ ਕੀਤਾ ਜਾਣਾ ਸੀ) ਮਨੁੱਖ ਨਾਲ ਲੇਟਦੀ ਹੈ ਉਸ ਦੇ ਲਈ ਸਜ਼ਾ ਬਾਰੇ ਦੱਸਦੀਆਂ ਹੈ। ਜਿਵੇਂ ਕਿ ਇਹ ਹੈ, ਨਿਰਧਾਰਤ ਕੀਤੀ ਗਈ ਸਜ਼ਾ ਇਹ ਹੈ ਕਿ ਉਹ **ਉਸ ਦਾ ਮੁੱਲ ਦੇਕੇ** ਉਸ ਨੂੰ ਵਿਆਹ ਲਵੇ। ਮੂਲ ਲਿਖਤ ਦੱਸਦੀ ਹੈ ਕਿ ਕੁਆਰੀਆਂ ਦੇ ਲਈ ਮੁੱਲ ਤੈਅ ਕੀਤੇ ਗਏ ਸਨ।

**ਆਇਤ 17.** ਜੇਕਰ **ਪਿਤਾ** ਆਪਣੀ ਧੀ ਨੂੰ ਉਸ ਮਨੁੱਖ ਨਾਲ ਵਿਆਹੁਣ ਤੋਂ ਇਨਕਾਰ ਕਰ ਦਿੰਦਾ ਸੀ, ਤਾਂ ਉਸ ਮਨੁੱਖ ਨੂੰ ਫਿਰ ਵੀ ਉਸ ਦਾ **ਮੁੱਲ** ਦੇਣਾ ਪੈਂਦਾ ਸੀ।[12] ਆਰ. ਐਲਨ ਕੋਲ ਨੇ ਇਸ ਸਥਿਤੀ ਨੂੰ ਹੇਠ ਲਿਖੇ ਅਨੁਸਾਰ ਵਿਅਕਤ ਕੀਤਾ ਸੀ:

> ਇਹ (ਇਕ ਧੀ ਦੇ ਝਾਂਸਾ ਦੇਣ ਸੰਬੰਧੀ) ਲੁੱਟ ਦੇ ਸਧਾਰਣ ਸਿਰਲੇਖ ਅਧੀਨ ਆਉਂਦਾ ਹੈ। ਕੁਆਰੀ ਕੁੜੀ, ਇਕ ਭਾਵ ਵਿਚ, ਆਪਣੇ ਪਿਤਾ ਦੀ ਸੰਪਤੀ ਸੀ ਅਤੇ ਉਚਿਤ ਸਮੇਂ ਤੇ ਉਸ ਨੂੰ ਵਿਆਹ ਦਾ ਤੋਹਫ਼ਾ ਮਿਲੇਗਾ ਜਾਂ ਉਸ ਦੇ ਲਈ 'ਦਾਜ' ਮਿਲੇਗਾ ... ਇਸ ਮਾਮਲੇ ਵਿਚ, ਕਿਉਂਕਿ ਮਨੁੱਖ ਨੇ ਕੁੜੀ ਨੂੰ ਬਿਨ੍ਹਾਂ ਮੁੱਲ (ਦਾਜ) ਦਿੱਤੇ ਲੈ ਲਿਆ ਹੈ, ਉਸ ਨੂੰ ਮੁੱਲ (ਦਾਜ) ਦੇਣਾ ਹੀ ਪਵੇਗਾ, ਕਿਉਂਕਿ ਹੁਣ ਹੋਰ ਕੌਣ ਦੇਵੇਗਾ?[13]

ਇਸ ਬਿਧੀ ਬਾਰੇ ਦੋ ਗੱਲਾਂ ਧਿਆਨ ਦੇਣ ਯੋਗ ਹਨ। (1) ਹਰਾਮਕਾਰੀ - ਕੁਆਰੇ ਵਿਅਕਤੀ ਨਾਲ ਯੌਨ ਸੰਬੰਧ - ਦੀ ਤੁਲਨਾ ਜ਼ਨਾਹਕਾਰੀ ਦੇ ਪਾਪ ਨਾਲ ਨਹੀਂ ਕੀਤੀ ਗਈ। ਇਸ ਮਾਮਲੇ ਵਿਚ, ਨਵੇਂ ਨੇਮ ਦਾ ਨੈਤਿਕ ਮਿਆਰ ਪੁਰਾਣੇ ਨੇਮ ਦੇ ਨੈਤਿਕ ਮਿਆਰ ਨਾਲੋਂ ਉੱਚਾ ਪ੍ਰਤੀਤ ਹੁੰਦਾ ਹੈ। (2) ਜਦ ਕਿ ਸਜ਼ਾ ਝਾਂਸੇ ਵਿਚ ਆਈ ਕੁਆਰੀ ਦੇ ਲਈ ਉਚਿਤ ਵਿਹਾਰ ਸੀ, ਇਹ ਅਪਰਾਧ ਪ੍ਰਮੁੱਖ ਰੂਪ ਵਿਚ ਪਿਤਾ ਦੇ ਵਿਰੁੱਧ ਸੀ, ਜਿਸ ਨੂੰ ਮੁਆਵਜਾ ਮਿਲਣਾ ਚਾਹੀਦਾ ਹੈ। ਜਦੋਂ ਤੱਕ ਪਿਤਾ ਇਤਰਾਜ਼ ਨਹੀਂ ਸੀ ਕਰਦਾ, ਧੀ ਨੂੰ ਪਤੀ ਪ੍ਰਾਪਤ ਸੀ। ਵਿਆਹ ਪਤੀ ਦਾ ਫ਼ੈਸਲਾ ਨਹੀਂ ਸੀ, ਪਰ ਪਿਤਾ ਦਾ ਫ਼ੈਸਲਾ ਸੀ।

## ਮੂਰਤੀਪੂਜਾ ਨਾਲ ਸੰਬੰਧਤ ਮੌਤ ਦੀ ਸਜ਼ਾ ਵਾਲੇ ਅਪਰਾਧ (22:18-20)

**18ਤੂੰ ਜਾਦੂਗਰਨੀ ਨੂੰ ਜੀਉਂਦੀ ਨਾ ਛੱਡ। 19ਜੋ ਕੋਈ ਪਸੂ ਨਾਲ ਕੁਕਰਮ ਕਰੇ ਉਹ ਜਰੂਰ ਮਾਰਿਆ ਜਾਵੇ। 20ਜਿਹੜਾ ਕੇਵਲ ਯਹੋਵਾਹ ਤੋਂ ਬਿਨਾ ਹੋਰ ਦੇਵਤਿਆਂ ਨੂੰ ਬਲੀਆਂ ਚੜ੍ਹਾਵੇ ਉਸ ਦਾ ਸੱਤਿਆ ਨਾਸ ਕੀਤਾ ਜਾਵੇ।**

ਇਨ੍ਹਾਂ ਆਇਤਾਂ ਵਿਚ ਤਿੰਨ ਬਿਧੀਆਂ ਦਸ ਹੁਕਮਾਂ ਦੇ ਪਹਿਲੇ ਦੋ ਹੁਕਮਾਂ ਨਾਲ ਜੁੜੀਆਂ ਹੋਈਆਂ ਹਨ, ਜੋ ਇਸਰਾਏਲ ਨੂੰ ਇਸ ਗੱਲ ਦੀ ਮਨਾਹੀ ਕਰਦੇ ਸਨ ਕਿ ਉਨ੍ਹਾਂ ਦੇ ਲਈ ਯਹੋਵਾਹ ਤੋਂ ਇਲਾਵਾ ਹੋਰ ਕੋਈ ਦੂਜੇ ਦੇਵਤੇ ਨਾ ਹੋਣ (20:3-6)।

**ਆਇਤ 18.** ਇਨ੍ਹਾਂ ਬਿਧੀਆਂ ਵਿੱਚੋਂ ਪਹਿਲੀ ਬਿਧੀ ਜਾਦੂਗਰੀ ਦੀ ਪ੍ਰਥਾ ਤੇ ਪਾਬੰਦੀ ਲਾਉਂਦੀ

ਹੈ। "ਜਾਦੂਗਰ" ਦੇ ਲਈ ਪੁਰਸ਼ ਲਿੰਗ ਰੂਪ ਦੀ ਬਜਾਇ **ਜਾਦੂਗਰਨੀ** ਲਈ ਇਸਤ੍ਰੀ ਲਿੰਗ ਰੂਪ ਵਰਤਿਆ ਗਿਆ ਹੈ, ਸ਼ਾਇਦ ਇਸ ਲਈ ਕਿਉਂਕਿ ਇਸ ਪ੍ਰਥਾ ਵਿਚ ਮਨੁੱਖਾਂ ਨਾਲੋਂ ਇਸਤ੍ਰੀਆਂ ਜ਼ਿਆਦਾ ਸ਼ਾਮਲ ਹੁੰਦੀਆਂ ਸਨ। ਜਾਦੂਗਰੀ ਲਈ ਮੌਤ ਦੀ ਸਜ਼ਾ ਜ਼ਿਆਦਾ ਕਠੋਰ ਜਾਪਦੀ ਹੈ ਜਦੋਂ ਤੱਕ ਇਹ ਯਾਦ ਨਹੀਂ ਕੀਤਾ ਜਾਂਦਾ ਕਿ ਜਾਦੂਗਰਨੀ ਯਹੋਵਾਹ ਪਰਮੇਸ਼ੁਰ ਤੋਂ ਇਲਾਵਾ ਕਿਸੇ ਹੋਰ ਕੋਲੋਂ ਅਲੌਕਿਕ ਮਦਦ ਅਤੇ ਮਾਰਗ-ਦਰਸ਼ਨ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਹੀ ਸੀ (ਵੇਖੋ ਬਿਵਸਥਾ ਸਾਰ 18:9-14)। ਇਸ ਦੇ ਸੁਭਾਅ ਤੋਂ, ਜਾਦੂਗਰੀ ਹੋਰ "ਦੇਵਤਿਆਂ" ਦੀ ਸੱਚਾਈ ਅਤੇ ਸ਼ਕਤੀ ਨੂੰ ਸਵੀਕਾਰ ਕਰਦੀ ਹੈ ਅਤੇ ਇਸ ਤੋਂ ਇਲਾਵਾ, ਇਹ ਯਹੋਵਾਹ ਤੋਂ ਇਲਾਵਾ ਉਨ੍ਹਾਂ ਦੇਵਤਿਆਂ ਦੇ ਪ੍ਰਤੀ ਜਾਦੂ ਕਰਨ ਵਾਲੇ ਦੀ ਵਫ਼ਾਦਾਰੀ ਵੱਲ ਇਸ਼ਾਰਾ ਕਰਦੀ ਹੈ।

ਉਸ ਹੱਦ ਤੱਕ ਕਿ ਇਹ ਮਨਾਹੀ ਅੱਜ ਦੇ ਸਮੇਂ ਵਿਚ ਵੀ ਲਾਗੂ ਹੁੰਦੀ ਹੈ,[14] ਇਹ ਮਸੀਹੀ ਲੋਕਾਂ ਨੂੰ ਵੱਖ-ਵੱਖ ਸਾਧਨਾਂ, ਜੋਤਸ਼ੀਆਂ ਅਤੇ ਭਵਿੱਖ ਦੱਸਣ ਵਾਲਿਆਂ ਕੋਲੋਂ ਮਦਦ ਜਾਂ ਮਾਰਗ-ਦਰਸ਼ਨ ਭਾਲਣ ਤੋਂ ਮਨ੍ਹਾ ਕਰੇਗੀ। ਪਰ, ਮਸੀਹੀ ਯੁੱਗ ਵਿਚ ਇਹ ਬੰਦ ਚੁੜੇਲਾਂ ਜਾਂ ਜਾਦੂਗਰਨੀਆਂ ਦੇ ਲਈ ਮੌਤ ਦੀ ਸਜ਼ਾ ਦਾ ਅਧਿਕਾਰ ਨਹੀਂ ਦਿੰਦਾ, ਉਨ੍ਹਾਂ ਬੰਦਾਂ ਨਾਲੋਂ ਵੱਧ ਕੇ ਜੋ ਜ਼ਨਾਹਕਾਰੀ ਦੇ ਲਈ ਮੌਤ ਦੀ ਸਜ਼ਾ ਬਾਰੇ ਦੱਸਦੇ ਹਨ ਅੱਜ ਵੀ ਲਾਗੂ ਹਨ।[15] ਕਿਉਂਕਿ ਮਸੀਹ ਦਾ ਰਾਜ "ਇਸ ਜਗਤ ਦਾ ਨਹੀਂ" ਹੈ, ਉਸ ਦੀ ਕਲੀਸੀਆ ਦੇ ਮੈਂਬਰਾਂ ਨੂੰ ਪਾਪੀਆਂ ਨੂੰ ਸਰੀਰਕ ਤੌਰ ਤੇ ਸਜ਼ਾ ਦੇਣ ਦਾ ਕੋਈ ਅਧਿਕਾਰ ਨਹੀਂ ਹੈ।

**ਆਇਤ 19.** ਪਹਿਲੀ ਨਜ਼ਰ ਵਿਚ, ਪਸ਼ੂ ਨਾਲ ਕੁਕਰਮ ਦੀ ਮਨਾਹੀ, ਸਤਵੇਂ ਹੁਕਮ "ਤੂੰ ਜ਼ਨਾਹ ਨਾ ਕਰ" (20:14) ਦਾ ਵਿਸਤਾਰ ਪ੍ਰਤੀਤ ਹੁੰਦੀ ਹੈ। ਨਿਸ਼ਚਤ ਤੌਰ ਤੇ, ਇਸ ਨੂੰ ਉਸ ਹੁਕਮ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ। ਪਰ, ਇਸ ਸੰਦਰਭ ਵਿਚ ਇਹ ਸਥਾਨ ਕਿਸੇ ਹੋਰ ਸੰਬੰਧ ਦਾ ਸੁਝਾਅ ਦਿੰਦਾ ਹੈ। ਕੁਝ ਕਨਾਨੀ ਦੇਵਤਿਆਂ ਦਾ ਉਨ੍ਹਾਂ ਦੇਵਤਿਆਂ ਵਜੋਂ ਵਰਣਨ ਕੀਤਾ ਗਿਆ ਸੀ ਜਿਨ੍ਹਾਂ ਦੇ ਜਾਨਵਰਾਂ ਨਾਲ ਯੌਨ ਸੰਬੰਧ ਸਨ। ਇਸ ਲਈ, ਇਹ ਹੁਕਮ ਨਾ ਸਿਰਫ ਯੌਨ ਦੁਰਵਿਹਾਰ ਨਾਲ ਸੰਬੰਧਤ ਕੀਤਾ ਜਾ ਸਕਦਾ ਹੈ, ਪਰ ਇਸ ਨੂੰ ਦੂਜੇ ਦੇਵਤਿਆਂ ਦੀ ਪੂਜਾ ਨਾਲ ਸੰਬੰਧਤ ਯੌਨ ਦੁਰਵਿਹਾਰ ਨਾਲ ਵੀ ਜੋੜਿਆ ਜਾ ਸਕਦਾ ਹੈ।[16] ਪੀਟਰ ਐਨਸ ਨੇ ਲੇਵੀਆਂ 18:23-25 ਦਾ ਹਵਾਲਾ ਦਿੰਦਿਆਂ, ਜ਼ੋਰ ਦਿੱਤਾ ਸੀ ਕਿ ਪਸ਼ੂ ਨਾਲ ਕੁਕਰਮ ਦਾ ਪਾਪ ਸੰਪਰਦਾਇਕ ਅਪਰਾਧ ਸੀ।[17] ਜੋ ਵੀ ਸੀ, ਇਸਰਾਏਲੀ ਜਿਹੜਾ ਇਸ ਪਾਪ ਦਾ ਦੋਸ਼ੀ ਸੀ ਉਸ ਨੇ **ਜਰੂਰ ਮਾਰਿਆ ਜਾਣਾ** ਸੀ (ਵੇਖੋ ਲੇਵੀਆਂ 20:15, 16; ਬਿਵਸਥਾ ਸਾਰ 27:21)।[18]

**ਆਇਤ 20.** ਨੇਮ ਦੀ ਪੋਥੀ ਵਿਚ ਬਿਧੀਆਂ ਦੇ ਹੋਰ ਸਮੂਹਾਂ ਦੀ ਤੁਲਨਾ ਵਿਚ, ਤਿੰਨ ਬਿਧੀਆਂ ਦਾ ਇਹ ਸਮੂਹ ਦੱਸਦਾ ਹੈ ਕਿ ਮੂਲ ਸਿਧਾਂਤ ਪਹਿਲੇ ਨਾਲੋਂ ਜ਼ਿਆਦਾ ਲੰਬੇ ਸਮੇਂ ਤੱਕ ਚੱਲਦਾ ਹੈ। ਸਧਾਰਣ ਬਿਧੀ ਆਇਤ 20 ਵਿਚ ਦੱਸੀ ਗਈ ਹੈ, ਯਹੋਵਾਹ ਤੋਂ ਇਲਾਵਾ ਕਿਸੇ ਹੋਰ ਦੇਵਤੇ ਨੂੰ ਬਲੀ ਚੜ੍ਹਾਉਣ ਦੀ ਮਨਾਹੀ। ਇਹ ਬਿਧੀ ਉਨ੍ਹਾਂ ਸਜ਼ਾਵਾਂ ਤੋਂ ਪਰੇ ਹੈ ਜਿਨ੍ਹਾਂ ਦਾ **ਕੇਵਲ ਯਹੋਵਾਹ** ਦੀ ਬੰਦਗੀ *ਨਾ* ਕਰਨ ਦੇ ਲਈ ਪਹਿਲਾਂ ਐਲਾਨ ਕੀਤਾ ਗਿਆ ਸੀ, ਇਹ ਕਹਿੰਦੇ ਹੋਏ ਕਿ ਜਿਹੜਾ ਕਿਸੇ ਹੋਰ ਦੇਵਤੇ ਦੀ ਬੰਦਗੀ ਕਰਨ ਦਾ ਦੋਸ਼ੀ ਹੈ ਉਸ ਦਾ **ਸੱਤਿਆ ਨਾਸ** ਕੀਤਾ ਜਾਵੇ। ਕਿਰਿਆ חָרַם *(ਚਰਮ)* ਜਿਸ ਦਾ ਅਨੁਵਾਦ "ਸੱਤਿਆ ਨਾਸ" ਕੀਤਾ ਗਿਆ ਹੈ ਉਨ੍ਹਾਂ ਕਿਰਿਆਵਾਂ ਨਾਲੋਂ ਵੱਖਰਾ ਹੈ ਜਿਨ੍ਹਾਂ ਦਾ ਅਨੁਵਾਦ "ਮਾਰਿਆ ਜਾਵੇ" ਕੀਤਾ ਗਿਆ ਸੀ। ਸਰਨਾ ਨੇ ਆਖਿਆ ਸੀ ਕਿ "ਮੌਤ ਦੀ ਸਜ਼ਾ ਦੇ ਸਰਲ ਫਾਰਮੂਲੇ ਨਾਲੋਂ ਇਸ ਦਾ ਅਰਥ ਜ਼ਿਆਦਾ ਕਠੋਰ ਹੈ। ਇਸ ਦਾ ਅਰਥ ਹੈ ਪੂਰਣ ਵਿਨਾਸ਼ ਅਤੇ ਇਸ ਦੇ ਵਿਚ ਅਪਰਾਧੀ ਦੀ ਸੰਪਤੀ (ਜ਼ਮੀਨ ਜਾਇਦਾਦ) ਦਾ ਨਾਸ ਸ਼ਾਮਲ ਹੁੰਦਾ ਹੈ।"[19]

# ਬਿਧੀਆਂ ਜਿਨ੍ਹਾਂ ਦੇ ਲਈ ਤਰਸ ਦੀ ਲੋੜ ਹੈ (22:21-27)

**[21]ਤੁਸੀਂ ਪਰਦੇਸੀ ਨੂੰ ਨਾ ਸਤਾਓ ਨਾ ਦੁਖ ਦਿਓ ਕਿਉਂ ਜੋ ਤੁਸੀਂ ਮਿਸਰ ਦੇਸ ਵਿੱਚ ਪਰਦੇਸੀ
ਰਹੇ। [22]ਵਿਧਵਾ ਅਤੇ ਯਤੀਮ ਨੂੰ ਤੰਗ ਨਾ ਕਰੋ। [23]ਜੇ ਤੁਸੀਂ ਉਨ੍ਹਾਂ ਨੂੰ ਤੰਗ ਹੀ ਕਰੋਗੇ ਤਾਂ ਜਦ ਓਹ
ਮੇਰੇ ਅੱਗੇ ਦੁਹਾਈ ਦੇਣਗੇ ਤਾਂ ਮੈਂ ਜਰੂਰ ਉਨ੍ਹਾਂ ਦੀ ਦੁਹਾਈ ਨੂੰ ਸੁਣਾਂਗਾ [24]ਅਤੇ ਮੇਰਾ ਕਰੋਧ ਭੜਕ
ਉੱਠੇਗਾ ਅਰ ਮੈਂ ਤੁਹਾਨੂੰ ਤੇਗ ਨਾਲ ਵੱਢ ਸੁਟਾਂਗਾ ਅਤੇ ਤੁਹਾਡੀਆਂ ਤੀਵੀਆਂ ਵਿਧਵਾ ਅਤੇ ਤੁਹਾਡੇ
ਪੁੱਤ੍ਰ ਯਤੀਮ ਹੋ ਜਾਣਗੇ। [25]ਜੇ ਤੂੰ ਮੇਰੀ ਪਰਜਾ ਵਿੱਚੋਂ ਆਪਣੇ ਨਾਲ ਦੇ ਕਿਸੇ ਕੰਗਾਲ ਨੂੰ ਚਾਂਦੀ
ਉਧਾਰ ਦੇਵੇਂ ਤਾਂ ਤੂੰ ਉਹ ਦਾ ਬਿਆਜੜੀਆਂ ਨਾ ਬਣ, ਤੂੰ ਉਸ ਉੱਤੇ ਬਿਆਜ ਨਾ ਲਾਵੀਂ। [26]ਜੇ ਤੂੰ
ਆਪਣੇ ਗਵਾਂਢੀ ਦੀ ਚਾਦਰ ਗਹਿਣੇ ਰੱਖੇਂ ਤਾਂ ਸੂਰਜ ਦੇ ਡੁੱਬਣ ਤੋਂ ਪਹਿਲਾਂ ਉਹ ਨੂੰ ਮੋੜ ਦੇਹ,
[27]ਕਿਉਂ ਜੋ ਉਹੀ ਉਸ ਦਾ ਓਢਣਾ ਹੈ। ਏਹ ਉਸ ਦੇ ਸਰੀਰ ਲਈ ਚਾਦਰ ਹੈ, ਉਹ ਕਾਹਦੇ ਵਿੱਚ
ਲੰਮਾ ਪਵੇਗਾ? ਐਉਂ ਹੋਵੇਗਾ ਕਿ ਜਦ ਉਹ ਮੇਰੇ ਅੱਗੇ ਦੁਹਾਈ ਦੇਵੇਗਾ ਤਾਂ ਮੈਂ ਸੁਣਾਂਗਾ ਕਿਉਂ ਜੋ ਮੈਂ
ਕਿਰਪਾਲੂ ਹਾਂ।**

ਇਹ ਅਗਲਾ ਭਾਗ ਤਰਸ ਬਾਰੇ ਪਰਮੇਸ਼ੁਰ ਦੀਆਂ ਬਿਧੀਆਂ ਲਿਖਵਾਉਂਦਾ ਹੈ। ਸਰਾਏਲੀਆਂ ਨੇ ਪਰਦੇਸੀਆਂ (22:21), ਵਿਧਵਾਂ ਅਤੇ ਯਤੀਮਾਂ (22:22-24) ਅਤੇ ਕੰਗਾਲਾਂ (22:25-27) ਦੇ ਪ੍ਰਤੀ ਤਰਸਵਾਨ ਬਣਨਾ ਸੀ। ਸਰਨਾ ਨੇ ਲਿਖਿਆ,

> ਇਹ ਮਾਨਵੀ ਸ਼ਰਤਾਂ ਬੁੱਤਪੂਜਾ ਦੇ ਨੈਤਿਕ ਭ੍ਰਿਸ਼ਟਾਚਾਰ (ਆਇਤਾਂ 17-19) ਅਤੇ ਇਸਰਾਏਲ ਦੇ ਪਰਮੇਸ਼ੁਰ ਦੇ ਨੈਤਿਨ ਸੁਭਾਅ ਵਿਚਕਾਰ ਇਕ ਤੁਲਨਾ ਕਰਨ ਦੇ ਲਈ ਪਹਿਲੀਆਂ ਸੰਪਰਦਾਇਕ ਬਿਧੀਆਂ ਤੋਂ ਬਾਅਦ ਲਿਖੀਆਂ ਗਈਆਂ ਹੋਣਗੀਆਂ। ਇਸ ਤੋਂ ਇਲਾਵਾ, ਉਹ ਇਸ ਵਿਚਾਰ ਨੂੰ ਮਨ ਵਿਚ ਬਿਠਾਉਣ [ਸਮਰਥਨ ਕਰਨ] ਦਾ ਕੰਮ ਕਰਦੀਆਂ ਹਨ ਕਿ ਗੈਰ-ਇਸਰਾਏਲੀ ਧਾਰਮਿਕ ਰੀਤਾਂ ਦੇ ਠੁਕਰਾਉਣ (ਆਇਤ 19) ਦਾ ਜੁਲਮ ਤੋਂ ਮੁਕਤ ਇਹ ਸੱਭਿਆ ਵਿਹਾਰ ਦੇ ਪ੍ਰਤੀ ਪਰਦੇਸੀ ਦੇ ਹੱਕ ਤੇ ਇਸ ਦਾ ਕੋਈ ਅਸਰ ਨਹੀਂ ਸੀ (ਆਇਤ 20)।[20]

ਇਹ ਬਿਧੀਆਂ ਰੂਪ ਵਿਚ ਪਿਛਲੀਆਂ ਬਿਧੀਆਂ ਨਾਲੋਂ ਵੱਖਰੀਆਂ ਹਨ। ਜਦ ਕਿ ਪਿਛਲੀਆਂ ਬਿਧੀਆਂ ਨੂੰ "ਜੇ/ਤਾਂ" ਧਾਰਾਵਾਂ ("ਫੈਲਸੂਫ਼ੀ" ਰੂਪ) ਵਜੋਂ ਪੇਸ਼ ਕੀਤਾ ਗਿਆ ਹੈ, ਇਹ ਬਿਧੀਆਂ ਦਸ ਹੁਕਮਾਂ ਦੇ ਵਾਂਗ ਹਨ, ਜੋ ਕਿ ਦੱਸਦੀਆਂ ਹਨ ਕਿ "ਤੂੰ ਇਹ ਕਰਨਾ" ਜਾਂ "ਤੂੰ ਇਹ ਨਹੀਂ ਕਰਨਾ" ("ਪ੍ਰਮਾਣਿਤ" ਰੂਪ)। ਇਸ ਤੋਂ ਇਲਾਵਾ, ਜਦ ਕਿ ਪਹਿਲਾਂ ਜਿੰਨੇ ਵੀ ਅਪਰਾਧ ਦੱਸੇ ਗਏ ਸਨ ਉਨ੍ਹਾਂ ਦੇ ਲਈ ਸਜ਼ਾਵਾਂ ਨਿਰਧਾਰਤ ਕੀਤੀਆਂ ਗਈਆਂ ਸਨ, ਇਸਰਾਏਲ ਦੇ ਲਈ ਉਨ੍ਹਾਂ ਨੂੰ ਸਜ਼ਾ ਦੇਣ ਦਾ ਕੋਈ ਪ੍ਰਬੰਧ ਨਹੀਂ ਸੀ ਜਿਨ੍ਹਾਂ ਨੇ ਪਰਦੇਸੀਆਂ ਨਾਲ ਬੁਰਾ ਵਿਹਾਰ ਕੀਤਾ ਸੀ ਜਾਂ ਗਰੀਬਾਂ ਦੇ ਹੱਕ ਨੂੰ ਖੋਹਿਆ ਸੀ। ਇਹ ਅੰਤਹਕਰਨ ਦੇ ਮਸਲੇ ਸਨ।

ਫਿਰ ਵੀ, ਇਨ੍ਹਾਂ ਸਪੱਸ਼ਟ ਆਗਿਆ ਸੂਚਕਾਂ ਦਾ ਪਾਲਣ ਕਰਨ ਦੇ ਲਈ ਮੂਲ ਲਿਖਤ ਵਿਚ ਕਾਰਣ ਦਿੱਤੇ ਗਏ ਹਨ। (1) ਕਿਉਂਕਿ ਇਸਰਾਏਲੀ ਲੋਕ ਮਿਸਰ ਦੇਸ ਵਿਚ ਪਰਦੇਸੀ ਰਹੇ ਸਨ (22:21), ਉਨ੍ਹਾਂ ਨੂੰ ਪਰਦੇਸੀਆਂ ਦੇ ਪ੍ਰਤੀ ਦਿਆਲੂ ਬਣਨਾ ਚਾਹੀਦਾ ਹੈ। (2) ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਅਨੁਭਵਾਂ ਅਤੇ ਉਨ੍ਹਾਂ ਅਨੁਭਵਾਂ ਤੋਂ ਪੈਦਾ ਹੋਣ ਵਾਲੀ ਹਮਦਰਦੀ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ; ਜੇਕਰ ਕੋਈ ਗਰੀਬ ਆਦਮੀ ਰਾਤ ਨੂੰ ਚਾਦਰ ਤੋਂ ਵਾਂਝਾ ਹੈ, ਉਸ ਦੇ ਕੋਲ ਸੌਣ ਲਈ ਕੁਝ ਨਹੀਂ ਹੋਵੇਗਾ ਅਤੇ ਉਹ ਠੰਡ ਨਾਲ ਮਰ ਜਾਵੇਗਾ (22:27)। (3) ਸਭ ਤੋਂ ਮਹੱਤਵਪੂਰਣ ਗੱਲ, ਉਨ੍ਹਾਂ ਨੇ ਉਨ੍ਹਾਂ ਦੇ ਲਈ ਤਰਸ ਵਿਖਾਉਣਾ ਸੀ ਜਿਹੜੇ ਆਪਣੇ ਆਪ ਦੀ ਦੇਖਭਾਲ ਨਹੀਂ ਸੀ ਕਰ ਸਕਦੇ ਕਿਉਂਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਤਰਸ ਵਿਖਾਇਆ ਸੀ। ਇਸ ਤਰ੍ਹਾਂ, ਜੇਕਰ ਉਹ ਕਮਜ਼ੋਰ ਵਿਅਕਤੀ ਨੂੰ ਸਤਾਉਂਦੇ ਸਨ, ਪਰਮੇਸ਼ੁਰ ਉਨ੍ਹਾਂ ਨੂੰ ਸਤਾਉਂਦਾ ਸੀ (22:23, 24)। ਵਿਲਬੁਰ ਫੀਲਡਸ ਨੇ

ਟਿੱਪਣੀ ਕੀਤੀ ਸੀ ਕਿ ਪਰਮੇਸ਼ੁਰ ਦੇ ਮਨ ਵਿਚ "ਵਿਧਵਾਂ ਅਤੇ ਯਤੀਮਾਂ ਦੇ ਲਈ ਇਕ ਖਾਸ ਸੁਰੱਖਿਆਤਮਕ ਪ੍ਰੇਮ ਸੀ।"[21]

ਸਤਾਏ ਹੋਇਆਂ ਅਤੇ ਬਲਹੀਣਾਂ ਦੇ ਲਈ, ਜਿਹੜੇ ਸਮਾਜ ਦੇ ਬਾਹਰੀ ਇਲਾਕਿਆਂ ਵਿਚ ਹਨ ਉਨ੍ਹਾਂ ਦੇ ਲਈ, ਪਰਮੇਸ਼ੁਰ ਦੀ ਚਿੰਤਾ ਪੁਰਾਣੇ ਨੇਮ ਵਿਚ ਅਕਸਰ ਵਿਖਾਈ ਗਈ ਹੈ (ਬਿਵਸਥਾ ਸਾਰ 14:29; 16:11, 14; 24:17-21; 26:12, 13; 27:19; ਜ਼ਬੂਰ 94:6; ਯਸਾਯਾਹ 1:23; 10:2; ਯਿਰਮਿਯਾਹ 7:5-7; ਜ਼ਕਰਯਾਹ 7:10; ਮਲਾਕੀ 3:5)। ਉਸੇ ਤਰ੍ਹਾਂ ਮਸੀਹੀ ਲੋਕਾਂ ਨੂੰ ਵੀ ਵਾਂਝੇ ਲੋਕਾਂ ਦੇ ਪ੍ਰਤੀ ਚਿੰਤਾ ਵਿਖਾਉਣੀ ਚਾਹੀਦੀ ਹੈ।

**ਆਇਤ 21.** ਤਰਸ ਤੇ ਪਹਿਲੇ ਪੈਰ੍ਹੇ ਵਿਚ, ਪਰਮੇਸ਼ੁਰ ਨੇ ਇਸਰਾਏਲ ਤੋਂ ਮੰਗ ਕੀਤੀ ਸੀ ਕਿ **ਪਰਦੇਸੀ ਨੂੰ ਨਾ ਸਤਾਓ ਨਾ ਦੁਖ ਦਿਓ**। ਪਰਮੇਸ਼ੁਰ ਨੇ ਇਸ ਸਬਕ ਨੂੰ ਮਜ਼ਬੂਤ ਬਣਾਉਣ ਦੇ ਲਈ ਇਸਰਾਏਲੀਆਂ ਨੂੰ **ਮਿਸਰ** ਵਿਚ ਉਨ੍ਹਾਂ ਦੇ ਆਪਣੇ ਸਤਾਓ ਬਾਰੇ ਚੇਤੇ ਕਰਾਇਆ ਸੀ। ਲੱਗਦਾ ਹੈ ਕਿ ਪਰਮੇਸ਼ੁਰ ਉਨ੍ਹਾਂ ਨੂੰ ਕਹਿ ਰਿਹਾ ਸੀ, "ਨਿਸ਼ਚਤ ਤੌਰ ਤੇ, ਤੁਸੀਂ ਨਹੀਂ ਚਾਹੁੰਦੇ ਕਿ ਦੂਜੇ ਲੋਕ ਵੀ ਤੁਹਾਡੇ ਵਾਂਗ ਦੁਖ ਝੱਲਣ।" ਇੱਥੇ "ਪਰਦੇਸੀ" ਇਸਰਾਏਲੀਆਂ ਵਿਚ ਰਹਿਣ ਵਾਲਾ ਗੈਰ-ਇਸਰਾਏਲੀ ਹੈ; ਇਬਰਾਨੀ ਸ਼ਬਦ גֵּר *(ਗੇਰ)* ਵਾਸੀ ਪਰਦੇਸੀ ਦਾ ਹਵਾਲਾ ਦਿੰਦਾ ਹੈ। ਬਹੁਤ ਸਾਰੇ ਗੈਰ-ਇਸਰਾਏਲੀ ਮਿਸਰ ਨੂੰ ਛੱਡ ਕੇ ਇਸਰਾਏਲੀਆਂ ਦੇ ਨਾਲ ਗਏ ਸਨ (12:38) ਅਤੇ ਬਿਵਸਥਾ ਨੇ ਉਨ੍ਹਾਂ ਦੇ ਲਈ ਪ੍ਰਬੰਧ ਕੀਤਾ ਸੀ। ਕਈ ਹੋਰ ਉਨ੍ਹਾਂ ਦੇ ਵਾਅਦੇ ਦੇ ਦੇਸ ਵਿਚ ਪਹੁੰਚਣ ਤੋਂ ਬਾਅਦ ਉਨ੍ਹਾਂ ਦੇ ਵਿਚ ਰਹੇ।

**ਆਇਤਾਂ 22-24.** ਫਿਰ ਪਰਮੇਸ਼ੁਰ ਨੇ ਇਸਰਾਏਲੀਆਂ ਨੂੰ **ਵਿਧਵਾ ਅਤੇ ਯਤੀਮ** ਦਾ ਫਾਇਦਾ ਨਾ ਉਠਾਉਣ ਦੀ ਚਿਤਾਵਨੀ ਦਿੱਤੀ ਸੀ। ਅਜਿਹੇ ਵਿਅਕਤੀਆਂ ਦੀ ਕੋਈ ਦੇਖਭਾਲ ਕਰਨ ਵਾਲਾ ਨਹੀਂ ਸੀ ਅਤੇ ਇਸ ਲਈ ਉਹ ਮਨੁੱਖੀ ਦਰਿੰਦਿਆਂ ਦੇ ਲਈ ਅਸੁਰੱਖਿਅਤ ਸਨ। ਪਰਮੇਸ਼ੁਰ ਨੇ ਆਖਿਆ ਸੀ ਕਿ ਉਹ ਬੇਸਹਾਰਿਆਂ ਦੀ **ਦੁਹਾਈ** ਨੂੰ **ਸੁਣੇਗਾ** ਅਤੇ ਉਨ੍ਹਾਂ ਦੇ ਸਤਾਉਣ ਵਾਲਿਆਂ ਨੂੰ **ਵੱਢ ਸੁੱਟੇਗਾ** ਅਤੇ ਬੇਰਹਮ ਲੋਕਾਂ ਦੀਆਂ **ਤੀਵੀਆਂ** ਨੂੰ **ਵਿਧਵਾ** ਅਤੇ ਉਨ੍ਹਾਂ ਦੇ **ਪੁੱਤ੍ਰ ਯਤੀਮ** ਕਰ ਦੇਵੇਗਾ। ਬਿਵਸਥਾ ਨੂੰ ਧਿਆਨ ਵਿਚ ਰੱਖਦੇ ਹੋਏ, ਪਰਮੇਸ਼ੁਰ ਉਨ੍ਹਾਂ ਕੋਲੋਂ "ਜਿਸ ਤਰ੍ਹਾਂ ਉਨ੍ਹਾਂ ਨੇ ਕੀਤਾ ਸੀ ਉਸੇ ਅਨੁਸਾਰ" ਬਦਲਾ ਲਵੇਗਾ। ਕੰਗਾਲ, ਵਿਧਵਾਂ ਅਤੇ ਯਤੀਮਾਂ ਨਾਲ ਇਸਰਾਏਲ ਦੇ ਬੁਰੇ ਵਿਹਾਰ ਦੇ ਕਾਰਣ ਹੀ ਰਾਜ ਨੂੰ ਆਖ਼ਰਕਾਰ ਅਸੀਰੀ ਵਿਚ ਲੈ ਲਿਆ ਗਿਆ ਸੀ (ਬਿਵਸਥਾ ਸਾਰ 27:19; 28:49, 50; ਯਸਾਯਾਹ 1:16-20; ਯਿਰਮਿਯਾਹ 7:4-7)।

**ਆਇਤ 25.** ਤਰਸ ਤੇ ਦੂਜੇ ਪੈਰ੍ਹੇ ਨੇ ਇਸਰਾਏਲੀਆਂ ਨੂੰ **ਕੰਗਾਲ** ਨੂੰ **ਬਿਆਜ ਨਾ ਲਾਉਣ** ਤੋਂ ਰੋਕਿਆ ਸੀ (ਵੇਖੋ ਲੇਵੀਆਂ 25:35-38; ਬਿਵਸਥਾ ਸਾਰ 23:19, 20)। ਜੇਕਰ ਕਿਸੇ ਕੰਗਾਲ ਨੂੰ ਪੈਸੇ ਦੀ ਲੋੜ ਹੁੰਦੀ ਸੀ, ਤਾਂ ਉਸ ਨੂੰ ਦਿੱਤੇ ਗਏ ਕਰਜ ਨੂੰ ਇਕ ਕਾਰੋਬਾਰੀ ਸੌਦੇ ਦੀ ਬਜਾਇ ਭਲਾਈ ਦਾ ਕੰਮ ਸਮਝਿਆ ਜਾਂਦਾ ਸੀ: ਭਰਾ ਜਿਸ ਦੇ ਕੋਲ ਜ਼ਿਆਦਾ ਹੁੰਦਾ ਸੀ ਉਹ ਬਸ ਉਸ ਦੀ ਮਦਦ ਕਰ ਰਿਹਾ ਹੁੰਦਾ ਸੀ ਜਿਸ ਦੇ ਕੋਲ ਘੱਟ ਸੀ।[22] "'ਗਰੀਬ' ਲਈ ਜਿਹੜਾ ਇਬਰਾਨੀ ਸ਼ਬਦ [עָנִי, *ਐਨੀ]* ਵਰਤਿਆ ਗਿਆ ਹੈ ਉਸ ਦਾ ਅਰਥ ਹੈ ਜਰੂਰਤ ਤੋਂ ਹਾਰ ਜਾਣਾ ਅਤੇ ਇਹ ਆਇਤ 22 ਵਿਚ 'ਤੰਗ ਕਰਨਾ' [עָנָה, *ਅਨਾਹ]* ਕਿਰਿਆ ਨਾਲ ਸੰਬੰਧਤ ਹੈ।"[23]

**ਆਇਤਾਂ 26, 27.** ਪਰਤੱਖ ਰੂਪ ਵਿਚ, ਇਸਰਾਏਲੀ ਜਿਹੜਾ ਪੈਸੇ ਉਧਾਰ ਦੇ ਰਿਹਾ ਹੁੰਦਾ ਸੀ ਉਹ ਕੰਗਾਲ ਕੋਲੋਂ ਉਸ ਕਰਜ ਜਾਂ ਉਧਾਰ ਦੇ ਲਈ ਜਮਾਨਤ ਦੇ ਤੌਰ ਤੇ ਉਸ ਦੀ **ਚਾਦਰ** ਲੈ ਸਕਦਾ ਸੀ, ਹਾਲਾਂਕਿ ਉਸ ਨੂੰ ਇਹ ਲੈਣ ਦੀ ਲੋੜ ਨਹੀਂ ਸੀ ਹੁੰਦੀ। ਇਹ ਤੱਥ ਕਿ ਉਸ ਕੰਗਾਲ ਕੋਲ ਸਿਰਫ ਇਹ ਚਾਦਰ ਹੀ ਸੀ ਜੋ ਉਹ ਜਮਾਨਤ ਦੇ ਰੂਪ ਵਿਚ ਦੇ ਸਕਦਾ ਸੀ, ਇਸ ਤੋਂ ਪਤਾ ਲੱਗਦਾ ਹੈ ਕਿ ਉਹ ਕਿੰਨਾ ਕੰਗਾਲ ਸੀ। ਜੇਕਰ ਉਧਾਰ ਦੇਣ ਵਾਲਾ ਉਹ ਚਾਦਰ ਲੈ ਲੈਂਦਾ ਸੀ ਤਾਂ

ਉਸ ਨੇ ਇਹ ਚਾਦਰ ਸੂਰਜ ਡੁੱਬਣ ਤੋਂ ਪਹਿਲਾਂ ਮੋੜਨੀ ਹੁੰਦੀ ਸੀ; ਨਹੀਂ ਤਾਂ, ਉਸ ਕੰਗਾਲ ਕੋਲ ਰਾਤ ਨੂੰ ਸੌਣ ਦੇ ਵੇਲੇ ਠੰਡ ਤੋਂ ਬਚਣ ਜਾਂ ਆਪਣੇ ਆਪ ਨੂੰ ਨਿੱਘਾ ਕਰਨ ਦੇ ਲਈ ਕੋਈ ਚੀਜ਼ ਨਹੀਂ ਸੀ ਹੁੰਦੀ। ਜਿਵੇਂ ਕਿ ਵਿਧਵਾਂ ਅਤੇ ਯਤੀਮਾਂ ਸੰਬੰਧੀ ਦਿੱਤੀਆਂ ਗਈਆਂ ਬਿਧੀਆਂ ਨਾਲ ਸੀ, ਪਰਮੇਸ਼ੁਰ ਨੇ ਕੰਗਾਲ ਤੇ ਤਰਸ ਕਰਨ ਬਾਰੇ ਨਿਯਮ ਦੀ ਪਾਲਣਾ ਕਰਨ ਦਾ ਇਕ ਕਾਰਣ ਦਿੱਤਾ ਸੀ: ਕਿਉਂਕਿ ਉਹ ਉਨ੍ਹਾਂ ਦਾ ਰਖਵਾਲਾ ਹੈ।

## ਪਰਮੇਸ਼ੁਰ ਦਾ ਆਦਰ ਕਰਨ ਲਈ ਬਿਧੀਆਂ (22:28-31)

**28ਤੂੰ ਨਿਆਈਆਂ ਨੂੰ ਨਾ ਕੋਸ ਅਤੇ ਆਪਣੇ ਲੋਕਾਂ ਦੇ ਪਰਧਾਨ ਨੂੰ ਫਿਟਕਾਰ ਨਾ ਦੇਹ।**
**29ਆਪਣੇ ਖਲਵਾੜੇ ਅਤੇ ਆਪਣੇ ਕੋਹਲੂ ਦੇ ਰਸ ਦੇ ਚੜ੍ਹਾਉਣ ਲਈ ਢਿੱਲ ਨਾ ਕਰ। ਤੂੰ ਆਪਣੇ**
**ਪੁੱਤ੍ਰਾਂ ਵਿੱਚੋਂ ਪਲੋਠਾ ਮੈਨੂੰ ਦੇਹ। 30ਐਉਂ ਤੂੰ ਆਪਣੇ ਬਲਦ ਅਤੇ ਆਪਣੀ ਭੇਡ ਨਾਲ ਕਰ ਕਿ ਸੱਤ**
**ਦਿਨ ਉਹ ਆਪਣੀ ਮਾਂ ਨਾਲ ਰਹੇ ਅਰ ਅੱਠਵੇਂ ਦਿਨ ਉਹ ਤੂੰ ਮੈਨੂੰ ਦੇਹ। 31ਤੁਸੀਂ ਮੇਰੇ ਲਈ ਪਵਿੱਤ੍ਰ**
**ਮਨੁੱਖ ਹੋਵੋ ਇਸ ਲਈ ਦਰਿੰਦਿਆਂ ਤੋਂ ਪਾੜਿਆ ਹੋਇਆ ਮਾਸ ਨਾ ਖਾਓ। ਤੁਸੀਂ ਉਹ ਨੂੰ ਕੁੱਤਿਆਂ**
**ਅੱਗੇ ਸੁੱਟ ਦਿਓ।**

ਜ਼ਮੀਨ ਜਾਇਦਾਦ ਅਤੇ ਤਰਸ ਸੰਬੰਧੀ ਬਿਧੀਆਂ ਤੋਂ ਇਲਾਵਾ, 22 ਅਧਿਆਇ ਪਰਮੇਸ਼ੁਰ ਦਾ ਆਦਰ ਕਰਨ ਸੰਬੰਧੀ ਨਕਾਰਤਮਕ ਅਤੇ ਸਕਾਰਾਤਮਕ ਦੋਵੇਂ ਹਦਾਇਤਾਂ ਦਿੰਦਾ ਹੈ। ਇਹ ਮੂਰਤੀਪੂਜਾ ਨਾਲ ਸੰਬੰਧਤ ਪਾਪਾਂ ਦੀ ਗੱਲ ਕਰਦਾ ਹੈ, ਜੋ ਮੌਤ ਦੀ ਸਜ਼ਾ ਦੀ ਮੰਗ ਕਰਦੇ ਸਨ (22:18-20) ਅਤੇ ਇਹ ਉਨ੍ਹਾਂ ਬਿਧੀਆਂ ਦੇ ਨਾਲ ਖਤਮ ਹੁੰਦੀਆਂ ਹਨ ਜੋ ਪਰਮੇਸ਼ੁਰ ਦੇ ਲੋਕਾਂ ਤੋਂ ਖਾਸ ਤਰੀਕਿਆਂ ਨਾਲ ਪਰਮੇਸ਼ੁਰ ਦਾ ਆਦਰ ਕਰਨ ਦੀ ਮੰਗ ਕਰਦੀਆਂ ਹਨ (22:28-31)। ਇਨ੍ਹਾਂ ਨੂੰ ਸਜ਼ਾ ਦੱਸੇ ਬਿਨ੍ਹਾਂ ਜਾਂ ਲਾਗੂ ਕਰਨ ਦੀਆਂ ਪ੍ਰਕਿਰਿਆਵਾਂ ਤੋਂ ਬਿਨ੍ਹਾਂ "ਤੁਸੀਂ ਇਹ ਕਰੋ" ਅਤੇ "ਤੁਸੀਂ ਇਹ ਨਾ ਕਰੋ" ਦੇ ਸ਼ਬਦਾਂ ਵਿਚ ਬੰਨ੍ਹਿਆ ਗਿਆ ਹੈ।

**ਆਇਤ 28.** ਇਨ੍ਹਾਂ ਬਿਧੀਆਂ ਵਿੱਚੋਂ ਪਹਿਲੀ ਬਿਧੀ ਇਹ ਦੱਸਦੀ ਹੈ ਕਿ **ਪਰਮੇਸ਼ੁਰ ਨੂੰ ਕੋਸਣਾ** ਗਲਤ ਸੀ। ਪਰਮੇਸ਼ੁਰ ਲਈ ਜਿਹੜਾ ਇਬਰਾਨੀ ਸ਼ਬਦ ਵਰਤਿਆ ਗਿਆ ਹੈ ਉਹ ਹੈ אֱלֹהִים *(ਇਲੋਹਿਮ)*। ਕਿਉਂਕਿ *ਇਲੋਹਿਮ* ਬਹੁਵਚਨ ਰੂਪ ਵਿਚ ਹੈ, ਇਹ ਕਈ ਵਾਰ ਇਸਰਾਏਲ ਦੇ ਆਲੇ-ਦੁਆਲੇ ਦੀਆਂ ਕੌਮਾਂ ਦੇ ਓਪਰੇ "ਦੇਵਤਿਆਂ" ਦੇ ਲਈ ਵਰਤਿਆ ਜਾਂਦਾ ਹੈ। ਇਸ ਸੰਦਰਭ ਵਿਚ, ਇਹ ਸ਼ਬਦ ਇਸਰਾਏਲ ਦੇ ਇੱਕੋ ਸੱਚੇ ਪਰਮੇਸ਼ੁਰ ਦਾ ਹਵਾਲਾ ਦਿੰਦਾ ਹੈ ਨਾ ਕਿ "ਦੇਵਤਿਆਂ" (KJV) ਦਾ। ਇਹ ਅਰਥ ਇਹ ਤੱਥ ਤੋਂ ਸਪੱਸ਼ਟ ਹੈ ਕਿ ਸ਼ਰਾ ਦੇ ਲਈ ਇਸਰਾਏਲ ਨੂੰ "ਦੇਵਤਿਆਂ" ਨੂੰ ਨਾ ਕੋਸਣ ਦੇ ਲਈ ਦੱਸਣਾ ਅਸੰਭਵ ਹੋਵੇਗਾ ਜਦੋਂ ਕਿ ਅਜਿਹੇ ਦੇਵਤਿਆਂ ਨੂੰ ਮੰਨਿਆ ਵੀ ਨਹੀਂ ਸੀ ਗਿਆ। *ਇਲੋਹਿਮ* ਸ਼ਬਦ ਦਾ ਅਰਥ "ਹਾਕਮਾਂ" ਜਾਂ "ਨਿਆਈਆਂ" ਵੀ ਹੋ ਸਕਦਾ ਹੈ, ਅਜਿਹੀਆਂ ਪਰਿਭਾਸ਼ਾਵਾਂ ਜਿਨ੍ਹਾਂ ਦਾ ਕੁਝ ਟਿੱਪਣੀਕਾਰ ਆਇਤ 28 ਵਿਚ ਸਮਰਥਨ ਕਰਦੇ ਹਨ (21:6; 22:8 ਤੇ ਟਿੱਪਣੀਆਂ ਵੇਖੋ)।

"ਪਰਮੇਸ਼ੁਰ ਨੂੰ ਕੋਸਣਾ" ਤੀਜੇ ਹੁਕਮ ਦੀ ਉਲੰਘਣਾ ਕਰੇਗਾ ਜੋ ਰੱਬੀ ਨਾਮ ਦੀ ਦੁਰਵਰਤੋਂ ਤੋਂ ਰੋਕਦਾ ਸੀ (20:7)। ਇਸ ਅਪਰਾਧ ਦੀ ਗੰਭੀਰਤਾ ਉਸ ਕਹਾਣੀ ਤੋਂ ਵੇਖੀ ਜਾ ਸਕਦੀ ਹੈ ਜੋ ਅੱਗੇ ਚੱਲ ਕੇ ਪੰਚਗ੍ਰੰਥ ਵਿਚ ਮਿਲਦੀ ਹੈ। ਕਿਸੇ ਹੋਰ ਨਾਲ ਲੜਦਿਆਂ, ਇਸਰਾਏਲੀ ਔਰਤਾਂ ਦੇ ਪੁੱਤ੍ਰ ਅਤੇ ਮਿਸਰੀ ਮਨੁੱਖ ਨੇ "ਨਾਮ ਨੂੰ ਕੁਫ਼ਰ ਬਕਿਆ ਅਤੇ ਕੋਸਿਆ ਸੀ।" ਨਤੀਜੇ ਵਜੋਂ, ਪਰਮੇਸ਼ੁਰ ਨੇ ਮੂਸਾ ਨੂੰ ਆਖਿਆ ਸੀ ਕਿ ਅਪਰਾਧੀ ਨੂੰ "ਮਾਰ ਦਿੱਤਾ ਜਾਵੇ।" ਯਹੋਵਾਹ ਦੀਆਂ ਹਦਾਇਤਾਂ ਦੇ ਜਵਾਬ ਵਿਚ, ਇਸਰਾਏਲੀ ਉਸ ਮਨੁੱਖ ਨੂੰ "ਡੇਰੇ ਤੋਂ ਬਾਹਰ ਲੈ ਗਏ ਉਸ ਨੂੰ ਪਥਰਾਓ ਕੀਤਾ"

(ਲੇਵੀਆਂ 24:10-16, 23)।

**ਆਪਣੇ ਲੋਕਾਂ ਦੇ ਪਰਧਾਨ ਨੂੰ ਫਿਟਕਾਰਨਾ** ਲਗਭਗ ਪਰਮੇਸ਼ੁਰ ਨੂੰ ਫਿਟਕਾਰਨ ਦੇ ਬਰਾਬਰ ਸੀ, ਜਿਹੜਾ ਉਸ ਦੇ ਇਕ ਪਰਧਾਨ ਬਣਨ ਦੇ ਲਈ ਜ਼ਿੰਮੇਵਾਰ ਸੀ। ਇਸ ਬਿਧੀ ਦੀ ਗੰਭੀਰਤਾ ਦਾ ਉਦਾਹਰਣ ਵੀ ਅੱਗੇ ਚੱਲ ਕੇ ਪੰਚਗ੍ਰੰਥ ਵਿਚ ਦਿੱਤਾ ਗਿਆ ਹੈ। ਜਦੋਂ ਕੁਝ ਇਸਰਾਏਲੀਆਂ ਨੇ ਮੂਸਾ ਅਤੇ ਹਾਰੂਨ, ਪਰਮੇਸ਼ੁਰ ਦੇ ਨਿਯੁਕਤ ਆਗੂਆਂ ਵਿਰੁੱਧ ਬਗਾਵਤ ਕੀਤੀ, ਪਰਮੇਸ਼ੁਰ ਨੇ ਪੂਰੀ ਤਰ੍ਹਾਂ ਉਨ੍ਹਾਂ ਦਾ ਨਾਸ ਕਰ ਦਿੱਤਾ (ਗਿਣਤੀ 16)। ਨਵੇਂ ਨੇਮ ਵਿਚ, ਪੌਲੁਸ ਨੇ ਪਰਧਾਨ ਜਾਜਕ ਦੇ ਵਿਰੁੱਧ ਗੱਲ ਕਰਨ ਤੋਂ ਬਾਅਦ ਇਸ ਆਇਤ ਦਾ ਹਵਾਲਾ ਦਿੱਤਾ ਸੀ (ਰਸੂਲਾਂ ਦੇ ਕਰਤੱਬ 23:5)।

**ਆਇਤਾਂ 29, 30.** ਪਰਮੇਸ਼ੁਰ ਨੇ ਪਹਿਲਾਂ ਹੀ ਆਖਿਆ ਸੀ ਕਿ ਇਸਰਾਏਲੀਆਂ ਨੇ ਹੋਰ ਦੇਵਤਿਆਂ ਨੂੰ ਬਲੀਆਂ ਨਹੀਂ ਸੀ ਚੜ੍ਹਾਉਣੀਆਂ, ਪਰ ਉਨ੍ਹਾਂ ਨੇ ਪਰਮੇਸ਼ੁਰ ਨੂੰ ਬਲੀਆਂ ਚੜ੍ਹਾਉਣੀਆਂ ਸਨ (22:20)। ਇਨ੍ਹਾਂ ਆਇਤਾਂ ਵਿਚ, ਉਸ ਨੇ ਸਪੱਸ਼ਟ ਰੂਪ ਨਾਲ ਦੱਸਿਆ ਸੀ ਕਿ ਇਸਰਾਏਲੀਆਂ ਨੇ ਉਸ ਨੂੰ ਉਨ੍ਹਾਂ ਦੇ ਪਹਿਲੇ ਫਲ - **ਖਲਵਾੜੇ** (ਕਣਕ) ਅਤੇ **ਕੋਹਲੂ ਦੇ ਰਸ** (ਮੈ) ਦਾ ਉੱਤਮ ਭਾਗ - ਚੜ੍ਹਾਉਣਾ ਸੀ। ਉਨ੍ਹਾਂ ਦੇ ਉੱਤਮ ਭਾਗ ਦੇਣ ਦੀ ਮੰਗ ਵਿਸ਼ੇਸ਼ ਰੂਪ ਵਿਚ ਉਨ੍ਹਾਂ ਦੇ **ਪੁੱਤ੍ਰਾਂ** ਅਤੇ ਪਸੂਆਂ ਵਿੱਚੋਂ **ਪਲੋਠੇ** ਨੂੰ ਦੇਣ ਦੇ ਸੰਬੰਧ ਵਿਚ ਕੀਤੀ ਗਈ ਸੀ। ਇਸ ਲਈ, ਇਹੋ ਸਿਧਾਂਤ ਉਨ੍ਹਾਂ ਦੀਆਂ ਫਸਲਾਂ ਦੇ ਸੰਬੰਧ ਵਿਚ ਸੱਚਾ ਹੋਵੇਗਾ (ਵੇਖੋ 23:19; ਬਿਵਸਥਾ ਸਾਰ 18:4; 26:1, 2)। ਪਸੂਆਂ ਅਤੇ ਵਾਢੀ ਦੀ ਫਸਲ ਸੱਚਮੁੱਚ ਦਿੱਤੀ ਜਾਣੀ ਸੀ, ਜਦ ਕਿ ਪਲੋਠੇ ਪੁੱਤਰ ਨੂੰ ਪੈਸੇ ਨਾਲ ਜਾਂ ਉਸ ਦੇ ਬਰਾਬਰ ਦੀ ਬਲੀ ਨਾਲ ਛੁਡਾਇਆ ਜਾਣਾ ਸੀ (13:12, 13; 34:20)।

ਇਹ ਤੱਥ ਕਿ ਇਸਰਾਏਲੀਆਂ ਨੇ ਦੂਜੇ ਦੇਵਤਿਆਂ ਨੂੰ ਬਲੀ ਨਹੀਂ ਸੀ ਚੜ੍ਹਾਉਣੀ ਪਰ ਯਹੋਵਾਹ ਨੂੰ ਬਲੀ ਚੜ੍ਹਾਉਣੀ ਸੀ ਇਕ ਮਹੱਤਵਪੂਰਣ ਸਿਧਾਂਤ ਦਾ ਉਦਾਹਰਣ ਦਿੰਦਾ ਹੈ: ਨਿਰਾ ਉਸ ਚੀਜ਼ ਤੋਂ ਬਚਣਾ ਕਾਫੀ ਨਹੀਂ ਸੀ ਜਿਹੜੀ ਪਾਪ ਭਰੀ ਹੁੰਦੀ ਸੀ; ਯਹੋਵਾਹ ਦੇ ਲੋਕਾਂ ਨੂੰ ਸਰਗਰਮੀ ਨਾਲ ਉਸ ਵਿਚ ਵਿਅਸਤ ਹੋਣ ਦੀ ਲੋੜ ਸੀ ਜੋ ਯਹੋਵਾਹ ਉਨ੍ਹਾਂ ਕੋਲੋਂ ਕਰਵਾਉਣਾ ਚਾਹੁੰਦਾ ਸੀ।

**ਆਇਤ 31.** ਇਸ ਛੋਟੀ ਲੜੀ ਵਿਚ ਆਖ਼ਰੀ ਸ਼ਰਤ ਉਸ ਪਸੂ ਦੇ **ਮਾਸ** ਨੂੰ **ਖਾਣ** ਦੀ ਮਨਾਹੀ ਸੀ ਜਿਹੜਾ **ਦਰਿੰਦਿਆਂ ਤੋਂ ਪਾੜਿਆ ਹੋਇਆ** ਸੀ। ਉਦਾਹਰਣ ਦੇ ਲਈ, ਇਹ ਇਕ ਭੇਡ ਦੇ ਮਾਸ ਦੇ ਬਾਕੀ ਬਚੇ ਟੁਕੜਿਆਂ ਤੇ ਲਾਗੂ ਹੁੰਦਾ ਸੀ ਜੋ ਇਕ ਬਘਿਆੜ ਦੁਆਰਾ ਮਾਰੀ ਗਈ ਸੀ। ਇਸ ਨੂੰ ਖਾਣ ਦੀ ਬਜਾਇ, ਮਾਲਕ ਨੇ **ਉਹ ਨੂੰ ਕੁੱਤਿਆਂ ਅੱਗੇ ਸੁੱਟਣਾ** ਸੀ, ਜਿਨ੍ਹਾਂ ਨੂੰ ਅਸ਼ੁੱਧ ਭੰਗੀਆਂ ਵਜੋਂ ਜਾਣਿਆ ਜਾਂਦਾ ਸੀ (1 ਰਾਜਿਆਂ 14:11; 16:4; 21:19, 23, 24; 22:38; 2 ਰਾਜਿਆਂ 9:10, 36; ਜ਼ਬੂਰ 59:6, 14, 15; 68:23; ਯਿਰਮਿਯਾਹ 15:3)। ਕਿਉਂ? ਇਸ ਦਾ ਇਕ ਸਪੱਸ਼ਟ ਜਵਾਬ ਇਹ ਹੈ ਕਿ ਪੈਲੀ ਵਿਚ ਮਾਰੇ ਗਏ ਪਸੂ ਦਾ ਖੂਨ ਸਹੀ ਤਰ੍ਹਾਂ ਉਸ ਦੇ ਸਰੀਰ ਵਿੱਚੋਂ ਨਹੀਂ ਸੀ ਨਿੱਕਲਿਆ ਹੁੰਦਾ; ਇਸ ਲਈ, ਇਸ ਦੇ ਮਾਸ ਨੂੰ ਲਹੂ ਤੋਂ ਬਿਨ੍ਹਾਂ ਖਾਣਾ ਅਸੰਭਵ ਸੀ। ਮਾਸ ਦੇ ਨਾਲ-ਨਾਲ ਲਹੂ ਨੂੰ ਖਾਣ ਵਿਰੁੱਧ ਪਹਿਲਾਂ ਤੋਂ ਹੀ ਇਕ ਪੁਰਾਣੀ ਪਾਬੰਦੀ ਲੱਗੀ ਹੋਈ ਸੀ (ਉਤਪਤ 9:3, 4; ਵੇਖੋ ਬਿਵਸਥਾ ਸਾਰ 12:16, 23)।

ਇਸਰਾਏਲੀਆਂ ਦੇ ਅਜਿਹੇ ਪਸੂ ਨੂੰ ਨਾ ਖਾਣ ਦਾ ਪਰਮੇਸ਼ੁਰ ਦੇ ਪ੍ਰਤੀ ਉਨ੍ਹਾਂ ਦੇ **ਪਵਿੱਤ੍ਰ ਮਨੁੱਖ** ਹੋਣ ਨਾਲ ਕੀ ਸੰਬੰਧ ਸੀ? ਪਵਿੱਤਰ ਹੋਣਾ "ਵੱਖਰਾ ਕੀਤਾ ਜਾਣਾ" ਹੈ ਅਤੇ ਲਹੂ ਨੂੰ ਖਾਣ ਤੋਂ ਬਚਣਾ ਇਕ ਅਜਿਹੀ ਰੀਤ ਸੀ ਜਿਸ ਨੇ ਇਸਰਾਏਲ ਨੂੰ ਇਸ ਦੇ ਗੁਆਂਢੀਆਂ ਤੋਂ ਵੱਖਰਾ ਕੀਤਾ ਸੀ। ਇਹ ਇਸਰਾਏਲ ਦੀ "ਪਵਿੱਤਰਤਾਈ" ਜਾਂ "ਵੱਖ ਹੋਣ" ਦਾ ਇਕ ਚਿੰਨ੍ਹ ਸੀ - ਇਹ ਤੱਥ ਕਿ ਇਸਰਾਏਲ ਪਰਮੇਸ਼ੁਰ ਦੀ ਖਾਸ ਪਰਜਾ ਸੀ। ਕੋਲ ਨੇ ਆਖਿਆ, "ਸਾਰਾ ਇਸਰਾਏਲ ਅਸਲ ਵਿਚ ਜਾਜਕਾਂ ਦੇ ਅਹੁਦੇ ਤੇ ਸੀ (ਕੂਚ 19:6)। ਇਹ ਅਸੰਭਵ ਹੈ ਕਿ ਇਕ ਜਾਜਕ ਸੜੇ ਹੋਏ ਮਾਸ ਨੂੰ ਖਾਣ ਦੁਆਰਾ ਆਪਣੇ ਆਪ ਨੂੰ ਅਪਵਿੱਤਰ (ਅਤੇ ਇਸ ਤਰ੍ਹਾਂ ਕਰਕੇ ਪਰਮੇਸ਼ੁਰ ਨੂੰ ਅਪਵਿੱਤਰ) ਕਰੇ।"[24]

# ਪ੍ਰਾਸੰਗਿਕਤਾ

## ਅੱਜ ਮੂਸਾ ਦੀ ਸ਼ਰਾ ਨੂੰ ਕਿਵੇਂ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ? (ਅਧਿਆਇ 20-23)

ਕੂਚ 20-23 ਵਿਚ ਸਾਨੂੰ ਉਹ ਬਿਧੀਆਂ ਮਿਲਦੀਆਂ ਹਨ ਜੋ ਪਰਮੇਸ਼ੁਰ ਨੇ ਮੂਸਾ ਨੂੰ ਦਿੱਤੀਆਂ ਸਨ। ਜਦੋਂ ਅਸੀਂ ਮਸੀਹੀ ਹੋਣ ਦੇ ਨਾਤੇ ਇਨ੍ਹਾਂ ਬਿਧੀਆਂ ਨੂੰ ਪੜ੍ਹਦੇ ਹਾਂ, ਅਸੀਂ ਹੈਰਾਨ ਹੋ ਸਕਦੇ ਜਾਂ ਕਿ ਉਨ੍ਹਾਂ ਦਾ ਸਾਡੇ ਲਈ ਸੰਭਵ ਤੌਰ ਤੇ ਕੀ ਮਹੱਤਵ ਹੋ ਸਕਦਾ ਹੈ - ਵਚਨ ਦਾ ਇਹ ਹਿੱਸਾ ਅੱਜ ਦੇ ਸਮੇਂ ਵਿਚ ਕਿਵੇਂ "ਗੁਣਕਾਰ" ਹੋ ਸਕਦਾ ਹੈ (2 ਤਿਮੋਥਿਉਸ 3:16, 17)। ਅਸੀਂ ਦਸ ਹੁਕਮਾਂ ਦੇ ਮਹੱਤਵ ਨੂੰ ਵੇਖਦੇ ਹਾਂ (20:1-17), ਪਰ ਕਾਨੂੰਨੀ ਵੇਰਵੇ ਅਸੰਗਤ ਜਾਪਦੇ ਹਨ। ਸਾਨੂੰ ਮਸੀਹੀ ਹੋਣ ਦੇ ਨਾਤੇ ਕੂਚ 20-23 ਵਿਚ ਪਾਈ ਜਾਣ ਵਾਲੀ ਕਾਨੂੰਨੀ ਸਮੱਗਰੀ ਨੂੰ ਕਿਵੇਂ ਇਸਤੇਮਾਲ ਕਰਨਾ ਚਾਹੀਦਾ ਹੈ?

ਕੀ ਅੱਜ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਬਿਵਸਥਾ ਸਾਡੇ ਲਈ ਵੀ ਹੈ? ਇਨ੍ਹਾਂ ਬੰਦਾਂ ਨੂੰ ਸਾਡੀਆਂ ਬਿਧੀਆਂ ਨਹੀਂ ਸਮਝਿਆ ਜਾ ਸਕਦਾ, ਕਿਉਂਕਿ ਨਵਾਂ ਨੇਮ ਇਹ ਸਿੱਖਿਆ ਦਿੰਦਾ ਹੈ ਕਿ ਪੁਰਾਣਾ ਨੇਮ ਲੈ ਲਿਆ ਗਿਆ ਹੈ (ਗਲਾਤੀਆਂ 3:24, 25)। ਨਾ ਹੀ ਦਸ ਹੁਕਮ, ਅੱਜ ਸਾਡੇ ਤੇ ਲਾਗੂ ਹੁੰਦੇ ਹਨ।

ਕੀ ਅਸੀਂ ਇਹ ਕਲਪਨਾ ਕਰਨੀ ਹੈ ਕਿ ਪਰਮੇਸ਼ੁਰ ਚਾਹੁੰਦਾ ਹੈ ਕਿ ਅੱਜ ਕੌਮਾਂ ਬਿਵਸਥਾ ਦੇ ਨਾਲ ਚੱਲਣ? ਇਹ ਬਿਧੀਆਂ ਹਰੇਕ ਦੇ ਲਈ ਨਹੀਂ ਹਨ। ਪਰਮੇਸ਼ੁਰ ਚਾਹੁੰਦਾ ਸੀ ਕਿ ਇਸਰਾਏਲ ਇਕ ਆਦਰਸ਼ ਸਮਾਜ, ਇਕ "ਪਵਿੱਤਰ ਕੌਮ" ਬਣੇ। ਸਾਨੂੰ ਉਨ੍ਹਾਂ ਸਿਧਾਂਤਾਂ ਦੀ ਨਕਲ ਕਰਨੀ ਚਾਹੀਦੀ ਹੈ ਜਿਨ੍ਹਾਂ ਤੇ ਇਹ ਬਿਧੀਆਂ ਅਧਾਰਿਤ ਹਨ (ਹਾਲਾਂਕਿ ਖਾਸ ਬਿਧੀਆਂ ਨਹੀਂ)। ਹੇਠਾਂ ਦਿੱਤੇ ਸਿਧਾਂਤ ਇਕ ਨਿਰਪੱਖ ਸਮਾਜ ਦੇ ਲਈ ਆਦਰਸ਼ ਹਨ:

1. ਨਿਰਪੱਖਤਾ ਅਤੇ ਨਿਆਂ।
2. ਉਨ੍ਹਾਂ ਵਿਧਵਾਂ ਅਤੇ ਯਤੀਮਾਂ, ਕੰਗਾਲਾਂ, ਪਰਦੇਸੀਆਂ ਦੀ ਦੇਖਰੇਖ ਦੇ ਲਈ ਤਰਸ ਅਤੇ ਦਯਾ ਜਿਹੜੇ ਇਸਰਾਏਲੀਆਂ ਦੇ ਵਿਚ ਰਹਿੰਦੇ ਸਨ, ਬਜ਼ੁਰਗ ਅਤੇ ਅਪਾਹਜ।
3. ਮਨੁੱਖਾਂ ਦੀ ਮਹੱਤਤਾ। ਮਨੁੱਖਾਂ ਨੂੰ ਪਸ਼ੂਆਂ ਅਤੇ ਜ਼ਮੀਨ ਜਾਇਦਾਦ ਤੋਂ ਇਕ ਵੱਖਰੀ ਸ਼ਰੇਣੀ ਵਿਚ ਰੱਖਿਆ ਗਿਆ ਸੀ। ਮਨੁੱਖੀ ਜੀਵਨ ਇੰਨਾ ਜ਼ਿਆਦਾ ਕੀਮਤੀ ਸੀ ਕਿ ਕਿਸੇ ਨੂੰ ਮਾਰਨ ਦੇ ਲਈ ਜੋ ਉਚਿਤ ਸਜ਼ਾ ਸੀ ਉਹ ਸੀ ਕਾਤਲ ਦੇ ਕੋਲੋਂ ਜ਼ੁਰਮਾਨਾ ਭਰਨਾ।
4. ਘਰ ਅਤੇ ਪਰਿਵਾਰ ਦੀ ਮਹੱਤਤਾ।
5. ਆਪਣੀ ਜ਼ਮੀਨ ਜਾਇਦਾਦ ਦੇ ਹੱਕ ਨੂੰ ਚੋਰੀ ਵਿਰੁੱਧ ਬਿਧੀਆਂ ਦੁਆਰਾ ਸੁਰੱਖਿਅਤ ਰੱਖਿਆ ਗਿਆ ਸੀ।
6. ਵਿਅਕਤੀਗਤ ਜ਼ਿੰਮੇਵਾਰੀ।
7. ਇੱਕੋ ਸੱਚੇ ਪਰਮੇਸ਼ੁਰ ਦੀ ਬੰਦਗੀ ਦੀ ਕੇਂਦਰਤਾ।

ਮਸੀਹੀ ਲੋਕ ਬਿਵਸਥਾ ਦਾ ਅਧਿਐਨ ਕਰਨ ਤੋਂ ਬਹੁਤ ਕੁਝ ਸਿੱਖ ਸਕਦੇ ਹਨ (ਵੇਖੋ ਰੋਮੀਆਂ 15:4)। ਪਰਮੇਸ਼ੁਰ ਦੁਆਰਾ ਨਿਰਧਾਰਤ ਕੀਤੀਆਂ ਗਈਆਂ ਬਿਧੀਆਂ ਦੱਸਦੀਆਂ ਹਨ ਕਿ ਉਹ ਆਪਣੇ ਲੋਕਾਂ ਨੂੰ ਕਿੰਨੀ ਮਹੱਤਤਾ ਦਿੰਦਾ ਹੈ। ਹੇਠਾਂ ਦਿੱਤੇ ਗਏ ਸਿਧਾਂਤਾਂ ਨੂੰ ਅੱਜ ਆਪਣੇ ਜੀਵਨਾਂ ਵਿਚ ਲਾਗੂ ਕਰਨਾ ਸਾਨੂੰ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਵਿਚ ਸਾਡੀ ਮਦਦ ਕਰ ਸਕਦਾ ਹੈ।

*ਪਰਮੇਸ਼ੁਰ ਨੂੰ ਆਪਣੇ ਜੀਵਨਾਂ ਦਾ ਮੁਖ ਕੇਂਦਰ-ਬਿੰਦੂ ਬਣਾਓ।* ਇਸਰਾਏਲ ਵਿਚ, ਜੀਵਨ ਦਾ

ਹਰੇਕ ਪਹਿਲੂ ਪਰਮੇਸ਼ੁਰ ਦੀ ਬਿਵਸਥਾ ਨਾਲ ਚੱਲਦਾ ਸੀ। ਉਸੇ ਤਰ੍ਹਾਂ, ਮਸੀਹੀ ਵਿਅਕਤੀ ਦੇ ਜੀਵਨ ਦਾ ਹਰੇਕ ਪਹਿਲੂ ਪਰਮੇਸ਼ੁਰ ਦੀ ਬਿਵਸਥਾ ਨਾਲ ਚੱਲਣਾ ਚਾਹੀਦਾ ਹੈ। ਸਾਨੂੰ ਹਰੇਕ ਗੱਲ ਵਿਚ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰਨ ਬਾਰੇ ਚਿੰਤਤ ਹੋਣਾ ਚਾਹੀਦਾ ਹੈ। ਬੰਦਗੀ ਵਿਚ, ਪਰਿਵਾਰ ਵਿਚ, ਕੰਮਕਾਜ ਵਿਚ ਅਤੇ ਦਿਲ ਪਰਚਾਵੇ ਵਿਚ, ਸਾਨੂੰ ਪੁੱਛਣਾ ਚਾਹੀਦਾ ਹੈ, "ਪ੍ਰਭੂ ਮੇਰੇ ਕੋਲੋਂ ਕੀ ਕਰਵਾਉਣਾ ਚਾਹੁੰਦਾ ਹੈ?"

*ਉਨ੍ਹਾਂ ਦੇ ਪ੍ਰਤੀ ਤਰਸਵਾਨ ਬਣੋ ਜਿਨ੍ਹਾਂ ਨੂੰ ਸਾਡੇ ਨਾਲੋਂ ਘੱਟ ਬਰਕਤਾਂ ਮਿਲੀਆਂ ਹਨ।* ਪੁਰਾਣੇ ਨੇਮ ਦੀਆਂ ਬਿਧੀਆਂ ਮੰਗ ਕਰਦੀਆਂ ਸਨ ਕਿ ਕੰਗਾਲਾਂ ਤੇ, ਗੁਲਾਮਾਂ ਤੇ, ਵਿਧਵਾਂ ਅਤੇ ਯਤੀਮਾਂ ਅਤੇ ਪਰਦੇਸੀਆਂ ਤੇ ਤਰਸ ਕਰੋ। ਸਾਨੂੰ ਵੀ ਕਮਜ਼ੋਰ ਲੋਕਾਂ ਦੀ ਮਦਦ ਕਰਨ ਦੇ ਲਈ ਚਿੰਤਤ ਹੋਣਾ ਚਾਹੀਦਾ ਹੈ।

*ਨਿਰਪੱਖ ਅਤੇ ਇਮਾਨਦਾਰ ਬਣੋ।* ਬਿਵਸਥਾ ਵਿਚ ਨਿਰਪੱਖਤਾ ਅਤੇ ਨਿਆਂ ਤੇ ਜ਼ੋਰ ਸਾਨੂੰ ਦੂਜਿਆਂ ਦੇ ਪ੍ਰਤੀ ਸਾਡੇ ਵਿਹਾਰਾਂ ਵਿਚ ਪੂਰੀ ਤਰ੍ਹਾਂ ਨਿਰਪੱਖ ਅਤੇ ਇਮਾਨਦਾਰ ਬਣਨ ਦੀ ਲੋੜ ਨੂੰ ਵਿਖਾਉਂਦਾ ਹੈ, ਕਲੀਸੀਆ ਦੇ ਅੰਦਰ ਅਤੇ ਬਾਹਰ ਦੋਹਾਂ ਵਿਚ।

*ਬਿਵਸਥਾ ਬੁਨਿਆਦੀ ਸਿਧਾਂਤਾਂ ਦਾ ਕਲੀਸੀਆ ਵਿਚ ਉਦਾਹਰਣ ਦਿਓ।* ਸਾਨੂੰ ਹਰੇਕ ਮਨੁੱਖ ਦੇ ਜੀਵਨ ਦਾ ਆਦਰ ਕਰਨਾ, ਵਿਅਕਤੀਗਤ ਹੱਕਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਣਾ, ਨਿਆਂ ਅਤੇ ਨਿਰਪੱਖਤਾ ਨੂੰ ਮਹੱਤਵ ਦੇਣਾ, ਸਾਰਿਆਂ ਤੇ ਤਰਸ ਕਰਨਾ, ਪਰਿਵਾਰ ਦੀ ਮਹੱਤਤਾ ਤੇ ਜ਼ੋਰ ਦੇਣਾ ਅਤੇ ਪਰਮੇਸ਼ੁਰ ਅਤੇ ਉਸ ਦੀ ਇੱਛਾ ਨੂੰ ਸਾਡੇ ਸਮਾਜ ਦੀ ਨੀਂਹ ਬਣਾਉਣਾ ਚਾਹੀਦਾ ਹੈ। ਜੇਕਰ ਅਸੀਂ ਇਸ ਤਰ੍ਹਾਂ ਕਰਦੇ ਹਾਂ, ਕਲੀਸੀਆ "ਕੌਮਾਂ ਲਈ ਜੋਤ" (ਯਸਾਯਾਹ 42:6), "ਪਹਾੜ ਉੱਤੇ ਵੱਸਦਾ ਨਗਰ" (ਮੱਤੀ 5:14) ਹੋਵੇਗੀ ਜਿਹੜਾ ਬਾਹਰੀ ਲੋਕਾਂ ਨੂੰ ਆਪਣੀ ਸੰਗਤੀ ਵੱਲ ਖਿੱਚੇਗਾ।

*ਸਿੱਟਾ।* ਅਸੀਂ ਸੋਚ ਸਕਦੇ ਹਾਂ ਕਿ ਪੁਰਾਣੇ ਨੇਮ ਦੀਆਂ ਬਿਧੀਆਂ ਜ਼ਰੂਰੀ ਨਹੀਂ ਹਨ, ਇਹ ਕਿ ਸਾਨੂੰ ਉਨ੍ਹਾਂ ਦਾ ਅਧਿਐਨ ਕਰਨ ਦੀ ਲੋੜ ਨਹੀਂ ਹੈ। ਪਰ, ਉਨ੍ਹਾਂ ਵਿਚ ਅਸੀਂ ਉਹ ਵੇਖਦੇ ਹਾਂ ਜੋ ਪਰਮੇਸ਼ੁਰ ਉਨ੍ਹਾਂ ਨੂੰ ਬਣਾਉਣਾ ਚਾਹੁੰਦਾ ਸੀ। ਕਾਫੀ ਹੱਦ ਤੱਕ, ਘੱਟੋ-ਘੱਟ ਸਿਧਾਂਤ ਵਿਚ, ਇਹੀ ਹੈ ਜੋ ਪਰਮੇਸ਼ੁਰ ਸਾਨੂੰ ਉਸ ਦੇ ਲੋਕ ਹੋਣ ਦੇ ਨਾਤੇ ਬਣਾਉਣਾ ਚਾਹੁੰਦਾ ਹੈ।

## ਦੱਬੇ ਕੁਚਲੇ ਲੋਕਾਂ ਦੇ ਪ੍ਰਤੀ ਸਾਡੀ ਜ਼ਿੰਮੇਵਾਰੀ (22:21-27)

ਬਿਵਸਥਾ, ਇਸ ਦੀਆਂ ਵਿਅਕਤੀਗਤ ਬਿਧੀਆਂ ਨਾਲ, ਉਨ੍ਹਾਂ ਸਿਧਾਂਤਾਂ ਦਾ ਉਦਾਹਰਣ ਦਿੰਦੀ ਹੈ ਜੋ ਪਰਮੇਸ਼ੁਰ ਦੀ ਪਰਜਾ ਦੀਆਂ ਜ਼ਿੰਮੇਵਾਰੀਆਂ ਸੰਬੰਧੀ ਹਮੇਸ਼ਾ ਸੱਚੇ ਰਹਿਣਗੇ। ਉਨ੍ਹਾਂ ਸਿਧਾਂਤਾਂ ਵਿੱਚੋਂ ਇਕ ਸਿਧਾਂਤ ਇਹ ਹੈ ਕਿ ਪਰਮੇਸ਼ੁਰ ਦੀ ਪਰਜਾ ਨੇ ਦੱਬੇ ਕੁਚਲੇ ਲੋਕਾਂ ਦੀ ਮਦਦ ਕਰਨੀ ਅਤੇ ਕਦੇ ਉਨ੍ਹਾਂ ਦਾ ਨਜਾਇਜ਼ ਫਾਇਦਾ ਨਹੀਂ ਉਠਾਉਣਾ ਹੈ। ਇਸਰਾਏਲ ਨੇ ਪਰਦੇਸੀਆਂ, ਵਿਧਵਾਂ ਅਤੇ ਯਤੀਮਾਂ ਅਤੇ ਕੰਗਾਲਾਂ ਦੀ ਪਰਵਾਹ ਕਰਨੀ ਸੀ। ਲੇਵੀਆਂ 19:14 ਤੇ ਅਧਾਰਿਤ, ਅਸੀਂ ਉਸ ਸੂਚੀ ਵਿਚ ਅਪਾਹਜ ਲੋਕਾਂ ਨੂੰ ਜੋੜ ਸਕਦੇ ਹਾਂ।

ਨਵਾਂ ਨੇਮ ਕੀ ਕਹਿੰਦਾ ਹੈ? ਮੱਤੀ 25:31-46; ਗਲਾਤੀਆਂ 2:10; 6:10 ਅਤੇ ਯਾਕੂਬ 1:27 ਤੇ ਵਿਚਾਰ ਕਰੋ। ਸਾਨੂੰ ਮਸੀਹੀ ਹੋਣ ਦੇ ਨਾਤੇ, ਮੰਦਭਾਗਿਆਂ ਦੀ ਪਰਵਾਹ ਕਿਉਂ ਕਰਨੀ ਚਾਹੀਦੀ ਹੈ? ਇਹੋ ਜਿਹੇ ਹੀ ਕੁਝ ਕਾਰਣ ਪਰਮੇਸ਼ੁਰ ਨੇ ਇਸਰਾਏਲ ਨੂੰ ਦਿੱਤੇ ਸਨ:

(1) *ਕਿਉਂਕਿ ਅਸੀਂ ਪਾਪ ਦੀ ਗੁਲਾਮੀ ਤੋਂ ਛੁਡਾਏ ਗਏ ਹਾਂ।* ਕਿਉਂਕਿ ਅਸੀਂ ਆਤਮਿਕ ਤੌਰ ਤੇ ਅਤੇ ਭੌਤਿਕ ਤੌਰ ਤੇ ਬਹੁਤ ਜ਼ਿਆਦਾ ਬਰਕਤ ਪਾਏ ਹੋਏ ਹਾਂ, ਸਾਨੂੰ ਦੂਜਿਆਂ ਦੇ ਲਈ ਬਰਕਤ ਦਾ ਕਾਰਣ ਬਣਨਾ ਚਾਹੀਦਾ ਹੈ।

(2) *ਅਸੀਂ ਤਰਸ ਕਰਨਾ ਹੈ।* ਆਓ ਅਸੀਂ ਜੋ ਕੁਝ ਚਾਹੁੰਦੇ ਹਾਂ ਜੋ ਮਨੁੱਖ ਸਾਡੇ ਨਾਲ ਕਰਨ ਅਸੀਂ ਵੀ ਉਨ੍ਹਾਂ ਨਾਲ ਓਵੇਂ ਹੀ ਕਰੀਏ (ਮੱਤੀ 7:12)।

(3) *ਕਿਉਂਕਿ* ਦੱਬੇ ਕੁਚਲੇ *ਲੋਕਾਂ ਦਾ ਪਰਮੇਸ਼ੁਰ ਦੇ ਦਿਲ ਦੇ ਨੇੜੇ ਇਕ ਖਾਸ ਸਥਾਨ ਹੈ।* ਉਹ ਉਨ੍ਹਾਂ ਦੇ ਨਾਲ ਹੋਏ ਬੁਰੇ ਵਰਤਾਓ ਦਾ ਬਦਲਾ ਲਵੇਗਾ (22:23, 24; ਮੱਤੀ 25:41-46)। ਪਰਮੇਸ਼ੁਰ ਵਰਗੇ ਬਣਨ ਦੇ ਲਈ ਅਤੇ ਉਸ ਦੇ ਕਰੋਧ ਤੋਂ ਬਚਣ ਦੇ ਲਈ, ਸਾਨੂੰ ਦੱਬੇ ਕੁਚਲੇ ਲੋਕਾਂ ਦੀ ਪਰਵਾਹ ਕਰਨੀ ਚਾਹੀਦੀ ਹੈ।

### ਪਰਧਾਨਾਂ ਦਾ ਆਦਰ ਕਰਨਾ (22:28)

ਲੋਕਾਂ ਦੇ ਪਰਧਾਨ ਨੂੰ ਫਿਟਕਾਰਨਾ ਪਰਤੱਖ ਰੂਪ ਵਿਚ ਪਰਮੇਸ਼ੁਰ ਨੂੰ ਫਿਟਕਾਰਨ ਦੇ ਬਰਾਬਰ ਹੈ। ਆਓ ਅਸੀਂ ਉਨ੍ਹਾਂ ਦਾ ਆਦਰ ਕਰੀਏ ਜਿਹੜੇ ਸਾਡੇ ਤੇ ਰਾਜ ਕਰਦੇ ਹਨ (ਰੋਮੀਆਂ 13:1-7; 1 ਤਿਮੋਥਿਉਸ 2:1, 2; 1 ਪਤਰਸ 2:13, 17)। ਉਸੇ ਤਰ੍ਹਾਂ, ਅਸੀਂ ਉਨ੍ਹਾਂ ਦਾ ਆਦਰ ਕਰਨਾ ਹੈ ਜਿਹੜੇ ਕਲੀਸੀਆ ਵਿਚ ਅਗਵਾਈ ਕਰਦੇ ਹਨ (ਇਬਰਾਨੀਆਂ 13:7, 17)।

### "ਤੁਸੀਂ ਮੇਰੇ ਲਈ ਪਵਿੱਤ੍ਰ ਮਨੁੱਖ ਹੋਵੋ" (22:31)

ਪੈਲੀ ਵਿਚ ਪਾੜੇ ਹੋਏ ਪਸੂ ਦੇ ਮਾਸ ਨੂੰ ਖਾਣਾ ਇਸਰਾਏਲ ਨੂੰ ਅਪਵਿੱਤ੍ਰ ਕਰੇਗਾ; ਇਹ ਲੋਕਾਂ ਨੂੰ "ਅਪਵਿੱਤ੍ਰ" ਕਰੇਗਾ। ਜਿਵੇਂ ਇਸਰਾਏਲ ਇਕ "ਪਵਿੱਤ੍ਰ ਕੌਮ" ਸੀ, ਅਸੀਂ ਵੀ ਪਵਿੱਤ੍ਰ ਬਣਨਾ ਹੈ (1 ਪਤਰਸ 1:15; 2:9)। ਇਸ ਲਈ, ਸਾਨੂੰ ਕਿਸੇ ਵੀ ਚੀਜ਼ - ਕਿਸੇ ਕੰਮ, ਕਿਸੇ ਟੈਲੀਵਿਜ਼ਨ ਪ੍ਰੋਗਰਾਮ ਜਾਂ ਫਿਲਮ, ਕਿਸੇ ਵੈਬਸਾਈਟ - ਤੋਂ ਬਚਣ ਦੀ ਲੋੜ ਹੈ ਜੋ ਸਾਨੂੰ ਪਵਿੱਤ੍ਰ ਬਣਨ, ਉਹ ਲੋਕ ਬਣਨ ਤੋਂ ਰੋਕੇਗੀ ਜੋ ਸੰਸਾਰ ਵਿੱਚੋਂ ਪਰਮੇਸ਼ੁਰ ਦੀ ਸੇਵਾ ਕਰਨ ਦੇ ਲਈ ਵੱਖ ਕੀਤੇ ਗਏ ਹਨ।

---

ਟਿੱਪਣੀਆਂ

[1]ਆਰ. ਐਲਨ ਕੋਲ, *ਐਕਸਡਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1973), 171. [2]ਕੁਝ ਮਾਮਲਿਆਂ ਵਿਚ "ਦ ਕੋਡ ਆਫ਼ ਹਮੁਰਾਬੀ" ਵਿਚ ਚੋਰਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਸੀ। ਜੇਮਸ ਬੀ. ਪ੍ਰਿਟਚਾਰਡ ਦੀ ਪੁਸਤਕ, *ਏਨਸ਼ੀਐਂਟ ਨੀਅਰ ਈਸਟਰਨ ਟੈਕਸਟਸ: ਰੀਲੇਟਿੰਗ ਟੂ ਦਿ ਓਲਡ ਟੈਸਟਾਮੈਂਟ*, ਤੀਜਾ ਸੰਪਾਦਨ (ਪ੍ਰਿੰਸਟਨ, ਨਿਊ ਜਰਸੀ: ਪ੍ਰਿੰਸਟਨ ਯੂਨੀਵਰਸਿਟੀ ਪ੍ਰੈਸ, 1969) ਦੇ ਸਫ਼ੇ 166-67 (ਨੰਬਰਸ 6, 7, 21, 22) ਵੇਖੋ। ਬਿਧੀ 21 ਇਕ ਮਨੁੱਖ ਦੇ ਘਰ ਵਿਚ "ਸੇਂਧ ਲਾਉਣ" ਦੀ ਕਲਪਨਾ ਕਰਦੀ ਸੀ। ਇਹ ਕੰਮ 22:2 ਦੇ ਸਮਾਨਾਂਤਰ ਹੈ ਜਿੱਥੇ "ਸੰਨ੍ਹ ਲਾਉਣਾ" (ਨ੍ਰੂਗ਼੍ਹ੍ਮ੍ਰ, *ਮੈਕਥੀਰੈਥ)* ਕੰਧ ਨੂੰ ਪੁੱਟਣ ਦਾ ਹਵਾਲਾ ਦਿੰਦਾ ਹੈ (ਵੇਖੋ ਅੱਯੂਬ 24:16; ਹਿਜ਼ਕੀਏਲ 8:8; 12:5, 7, 12)। [3]ਕੋਲ, 171. ਇਹੀ ਵਿਚਾਰ ਵਿਲਬੁਰ ਫੀਲਡਸ ਦੀ ਪੁਸਤਕ *ਇਕਸਪਲੋਰਿੰਗ ਐਕਸਡਸ*, ਬਾਈਬਲ ਸਟੱਡੀ ਟੈਕਸਟਬੁਕ ਸੀਰੀਜ਼ (ਜੋਪਲਿਨ, ਮਿਸੂਰੀ: ਕਾਲਜ ਪ੍ਰੈਸ, 1976) ਵਿਚ ਸਫ਼ਾ 484 ਤੇ ਪੇਸ਼ ਕੀਤਾ ਗਿਆ ਹੈ। [4]ਪੀਟਰ ਐਨਸ, *ਐਕਸਡਸ*, ਦ ਐਨਆਈਵੀ ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2000), 449. [5]ਜੇਮਸ ਬਰਟਨ ਕੌਫਮੈਨ, *ਕਮੈਂਟਰੀ ਆਨ ਐਕਸਡਸ, ਦ ਸੈਕੰਡ ਬੁਕ ਆਫ਼ ਮੋਜਜ* (ਐਬੀਲੀਨ, ਟੈਕਸਾਸ: ਏਸੀਯੂ ਪ੍ਰੈਸ, 1985), 315-16. [6]ਜੇ. ਫਿਲਿਪ ਹਯਾਤ, *ਐਕਸਡਸ*, ਦ ਨਿਊ ਸੈਂਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 1971), 238. [7]ਜੌਨ ਆਈ. ਡਰਹਮ, *ਐਕਸਡਸ*, ਵਰਡ ਬਿਬਲੀਕਲ ਕਮੈਂਟਰੀ, ਜਿਲਦ 3 (ਵਾਕੋ, ਟੈਕਸਾਸ: ਵਰਡ ਬੁਕਸ, 1987), 326. [8]ਪ੍ਰਾਚੀਨ ਮਸੋਪੋਤਾਮੀਆ ਵਿਚ ਹੋਰ ਬਿਧੀਆਂ ਨੇ 22:8, 9 ਵਰਗੇ ਕਾਨੂੰਨ ਦਿੱਤੇ ਸਨ, ਜਿਵੇਂ ਕਿ "ਲਾਅਜ਼ ਆਫ਼ ਏਸ਼ਨੁਨਾ" ਅਤੇ "ਦ ਕੋਡ ਆਫ਼ ਹਮੁਰਾਬੀ।" ਵੇਖੋ ਪ੍ਰਿਟਚਾਰਡ, 163 (ਨੰਬਰਸ 36, 37), 171 (ਨੰਬਰਸ 120-126)। [9]ਤੀਜੇ ਮਾਮਲੇ ਦੇ ਲਈ ਇਹੋ ਜਿਹਾ ਕਾਨੂੰਨ "ਦ ਕੋਡ ਆਫ਼ ਹਮੁਰਾਬੀ" ਅਤੇ "ਦ ਹਿੱਤੀ ਲਾਅਜ਼" ਵਿਚ ਮਿਲਦਾ ਹੈ। ਉਸੇ ਸਥਾਨ ਤੇ, 176 (ਨੰਬਰਸ 245-249), 192 (ਨੰਬਰਸ 75, 76)। [10]ਐਨਸ, 450.

[11]ਨਾਹੁਮ ਐਮ. ਸਰਨਾ, *ਐਕਸਡਸ*, ਦ ਜੇਪੀਐਸ ਟੋਰਾਹ ਕਮੈਂਟਰੀ (ਨਿਊ ਯਾਰਕ: ਜੂਇਸ਼ ਪਬਲੀਕੇਸ਼ਨ ਸੋਸਾਇਟੀ, 1991), 134-35. [12]"ਦ ਮਿਡਲ ਅਸੀਰੀਅਨ ਲਾਅਜ਼" ਵਿਚ ਸਮਾਨਤਾ ਵੇਖੋ, ਜਿੱਥੇ ਪੈਸੇ ਦੀ ਮੰਗ ਕੀਤੀ ਜਾਂਦੀ ਸੀ ਅਤੇ ਪਿਤਾ ਫ਼ੈਸਲਾ ਕਰਦਾ ਸੀ ਕਿ ਉਸ ਦੀ ਧੀ ਨਾਲ ਕੀ ਹੋਇਆ ਸੀ (ਪ੍ਰਿਟਚਾਰਡ, 185 [ਨੰ. 56])। [13]ਕੋਲ,

173. [14]ਪੁਰਾਣੇ ਨੇਮ ਦੇ ਕਈ ਹੋਰ ਬੰਦ ਜਾਦੂਗਰੀ ਅਤੇ ਇਹੋ ਜਿਹੀਆਂ ਰੀਤਾਂ ਦੀ ਨਿੰਦਾ ਕਰਦੇ ਹਨ (ਲੇਵੀਆਂ 19:31; 20:6, 27; ਬਿਵਸਥਾ ਸਾਰ 18:10, 11; 2 ਰਾਜਿਆਂ 21:6; 1 ਇਤਹਾਸ 10:13; ਯਸਾਯਾਹ 8:19; ਮੀਕਾਹ 5:12)। ਨਵਾਂ ਨੇਮ ਵੀ ਜਾਦੂਗਰੀ ਅਤੇ ਜਾਦੂ-ਟੋਇਆਂ ਦੀ ਨਿੰਦਾ ਕਰਦਾ ਹੈ (ਗਲਾਤੀਆਂ 5:19, 20; ਪਰਕਾਸ਼ ਦੀ ਪੋਥੀ 21:8; 22:15)। [15]ਕੌਫਮੈਨ, 321. [16]ਕੋਲ, 174. [17]ਐਨਸ, 451. [18]"ਹਿੱਤੀ ਕਾਨੂੰਨ" ਵੀ ਜ਼ਿਆਦਾਤਰ ਮਾਮਲਿਆਂ ਵਿਚ ਪਸ਼ੂ ਨਾਲ ਕੀਤੇ ਕੁਕਰਮ ਦੀ ਮੌਤ ਦੀ ਸਜ਼ਾ ਵਜੋਂ ਨਿੰਦਾ ਕਰਦੇ ਸਨ। ਵੇਖੋ ਪ੍ਰਿਟਚਾਰਡ, 196-97 (ਨੰਬਰਸ 187, 188, 199, 200A)। [19]ਸਰਨਾ, 137. [20]ਉਸੇ ਸਥਾਨ ਤੇ।

[21]ਫੀਲਡਸ, 493. [22]ਇਸ ਤਰ੍ਹਾਂ ਲੱਗਦਾ ਹੈ ਕਿ ਯਿਸੂ ਇਹ ਕਹਿੰਦੇ ਹੋਏ ਇਸ ਹੁਕਮ ਨੂੰ ਵਿਸਤਾਰ ਦਿੰਦਾ ਹੈ ਕਿ "ਜੋ ਕੋਈ ਤੈਥੋਂ ਮੰਗੇ ਉਹ ਨੂੰ ਦਿਹ ਅਰ ਜੋ ਤੇਰੀਆਂ ਵਸਤਾਂ ਖੋਹ ਲਵੇ ਉਸ ਤੋਂ ਮੁੜ ਨਾ ਮੰਗ" (ਲੂਕਾ 6:30)। [23]ਨੋਏਲ ਡੀ. ਓਸਬੋਰਨ ਅਤੇ ਹੋਵਾਰਡ ਏ. ਹੈਟੋਨ, *ਏ ਹੈਂਡਬੁਕ ਆਨ ਐਕਸਡਸ* (ਨਿਊ ਯਾਰਕ: ਯੂਨਾਈਟਡ ਬਾਈਬਲ ਸੋਸਾਇਟੀਜ, 1999), 534. [24]ਕੋਲ, 176.